# ਰੱਤੀ ਤੇਰੇ ਰੰਗ ਜੋਗੀਆ

(ਕਵਿਤਾਵਾਂ)

# ਰੱਤੀ ਤੇਰੇ ਰੰਗ ਜੋਗੀਆ

(ਕਵਿਤਾਵਾਂ)

ਸ਼ੀਰੀਨ ਅਨੰਦਿਤਾ

Ratti Tere Rang Jogia
by
Shireen Ananditta
27/4, Pine Walk
Shillong (Meghalaya)
Ph. 0364-726614
Mobile : 098630-43658

2006
P1438-S126
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
*visit us at : www.unistarbooks.com*
*email:info@unistarbooks.com*
*email:sales@unistarbooks.com*
*email:editorial@unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382

© *2006*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਉਸ ਸਿਫ਼ਰ ਦੇ ਨਾਂ
ਜੋ, ਜਿਸ ਬਿੰਦੂ ਤੋਂ ਸ਼ੁਰੂ ਹੁੰਦੀ ਹੈ
ਉਸੇ ਬਿੰਦੂ 'ਤੇ ਆ ਮਿਲਦੀ
ਤੇ ਸੰਪੂਰਨ ਹੁੰਦੀ ਹੈ।

## ਤਤਕਰਾ


~ ਸ਼ੀਰੀਨ –ਕਾਵਿ ਦੇ ਰੰਗ– ਡਾ. ਪਾਲ ਕੌਰ/9
~ ਲਿਖਾਰੀ ਕੁੱਖ/13
~ ਅੱਖਰਾਂ ਦੇ ਜਸ਼ਨ/14
~ ਪਿਆਸੀ ਰੂਹ/15
~ ਇਕ ਜੂਨ/16
~ ਤਰੱਨੁਮ/17
~ ਅਚੇਤ-ਅਨੰਤ/19
~ ਕੁਕਨੂਸ/20
~ ਅੰਤਰ–ਯਾਤਰਾ/21
~ ਮੁੜ–ਮੁੜ/22
~ ਭਟਕਣ ਮਨ ਦੀ/23
~ ਆਪਣੀ ਨਜ਼ਰ/24
~ ਅਦਿੱਖ ਵਿੱਥਾਂ 'ਚ /25
~ ਘਰ ਮੇਰਾ/26
~ ਸਫ਼ਰ ਮਨ ਦਾ/27
~ ਇਕ ਝੁਰੜੀ/29
~ ਮੁਕਾਮ ਦਾ ਮੁਹਤਾਜ/30
~ ਮਨਫ਼ੀ ਪੈੜਾਂ/32
~ ਇਹ ਹਾਦਸਾ/33
~ ਕਸਿਆ ਕਾਸਾ/34
~ ਯਾਦ ਮੇਰੀ/35
~ ਤੇਰੀ ਤਸਵੀਰ/36
~ ਯਾਦਾਂ ਦੀ ਲੁੱਟ/38
~ ਮੁਕੱਦਰ ਤੇਰਾ-ਮੇਰਾ/39
~ ਭੁੱਲ/40
~ ਬੰਦ ਮੁੱਠੀ/41
~ ਮੈਂ /43
~ ਤਸਵੀਰ ਪਿਛਲੀ ਕੰਧ /44
~ ਨਕਾਬੋਂ ਬਾਹਰ /45
~ ਪੈਰ ਦੀ ਜੁੱਤੀ /46
~ ਲਿਖਤੁਮ ਸ਼ਕੁੰਤਲਾ/47
~ ਚੁੱਪ ਰਹੋ/48
~ ਪੂਰਾ ਅੰਬਰ/49
~ ਅੰਤਰ-ਪ੍ਰਸ਼ਨ/50
~ ਮੋਹ-ਭੰਗ/51
~ ਗੀਤ ਸੰਸਾਰੀ /52
~ ਆਰ-ਪਾਰ/53
~ ਨਾਗਫ਼ਣੀਆਂ/54
~ ਥੰਗਮ ਮਨੋਰਮਾ/55
~ ਮੇਰਾ ਕਤਲ /58
~ ਇਕ ਰੇਖਾ-ਚਿੱਤਰ /59
~ ਪਾਲਤੂ ਕੁੱਤਾ /60
~ ਅੱਯਾਸ਼ੀ /61
~ ਸ਼ਾਂਤੀ ਦੇਵੀ/63
~ ਜੀ ਕਰਦੈ /66
~ ਸਫ਼ਰ ਔਰਤ ਦਾ/67
~ ਜ਼ਿੰਦਗੀ ਦਾ ਸੱਚ /69
~ ਰਿਸ਼ਤੇ ਦੀ ਖ਼ੁਸ਼ਬੂ /70
~ ਕੋਈ ਹੋਰ /71
~ ਹਾਲੇ ਉਡੀਕ /72
~ ਕੇਹਾ ਵਰਦਾਨ /74
~ ਅੱਧੇ-ਅਧੂਰੇ /75
~ ਔਰਤ ਜ਼ਾਤ /77
~ ਮੇਰੀ ਲੋਚਾ/79
~ ਜੰਡ ਦੇ ਹੇਠ/81
~ ਦਸਰਾਹੇ 'ਤੇ /82
~ ਲੁਕਣ-ਮੀਟੀ /84
~ ਆਪਣੇ ਹਿੱਸੇ ਦਾ ਸੱਚ /85
~ ਜਿਸਮਾਂ ਤੋਂ ਪਾਰ/86
~ ਅਮੁੱਕ ਵਾਟਾਂ/87
~ ਸੂਰਜ ਤੇ ਕਿਰਨ /89
~ ਸ਼ੀਸ਼ਾ ਤੇ ਪੱਥਰ/91
~ ਹਸਤੀ /93
~ ਸਫ਼ਰ/94
~ ਮੀਲ-ਪੱਥਰ /95
~ ਕਮਲੀ /96
~ ਪਰਵਾਜ਼/97
~ ਇਕ ਸੁੱਕਾ ਪੱਤਾ/98
~ ਇਕ ਤਲਬ /99

# ਸ਼ੀਰੀਨ-ਕਾਵਿ ਦੇ ਰੰਗ

ਸ਼ੀਰੀਨ ਅਨੰਦਿਤਾ ਅਜਿਹਾ ਨਾਂ ਹੈ, ਜਿਸ ਵਿਚ ਕਈ ਨਾਂ ਸ਼ਾਮਿਲ ਹਨ। ਇਕ ਸ਼ਖ਼ਸ, ਇਕ ਰੂਹ–ਪਰ ਕਈ ਰੂਪ। ਹਰ ਰੂਪ ਦਾ ਇਕ ਵੱਖਰਾ ਨਾਂ। ਹਰ ਇਕ ਨਾਂ ਤੋਂ ਦੂਜੇ ਨਾਂ ਤੱਕ, ਇਕ ਰੂਪ ਤੋਂ ਦੂਜੇ ਰੂਪ ਤੱਕ ਦੀ ਵੱਖਰੀ ਯਾਤਰਾ। ਪੰਦਰਾਂ–ਸੋਲਾਂ ਸਾਲ ਪਹਿਲਾਂ ਇਕ ਵਿਦਿਆਰਥਣ ਸੀ–ਰਮਨਜੀਤ ਉਰਫ਼ ਰੰਮੀ। ਵਿਦਿਆਰਥਣ ਹੋਣ ਤੋਂ ਇਲਾਵਾ ਇਕ ਵਾਰੀ ਮਿਲੀ ਮੈਨੂੰ–ਪਹਾੜੀ ਹਵਾ ਦਾ ਬੁੱਲਾ, ਜ਼ਿੰਦਗੀ ਨਾਲ ਭਰੀਆਂ ਅੱਖਾਂ, ਜਿਨ੍ਹਾਂ ਵਿਚੋਂ ਕਈ ਸਵਾਲ, ਕਈ ਉਦਾਸੀਆਂ, ਕਈ ਵਿਦਰੋਹ ਕਿਰ–ਕਿਰ ਜਾਂਦੇ। ਫਿਰ ਦੋ ਸ਼ਬਦ ਉਭਰਦੇ 'ਸ਼ੀਰੀਨ ਅਨੰਦਿਤਾ', ਅਜਿਹੀ ਮਿਠਾਸ, ਜੋ ਬੁੱਲ੍ਹਾਂ ਨੂੰ ਮਗਰੋਂ ਨਮਕੀਨ ਕਰ ਜਾਵੇ, ਅਜਿਹਾ ਅਨੰਦ, ਜਿਸ ਵਿਚੋਂ ਕਿਤੇ–ਕਿਤੇ ਉਦਾਸੀ ਦੀ ਹੂਕ ਉਠੇ। ਫਿਰ ਅਲੋਪ ਹੋ ਗਈ ਰੰਮੀ! ਪਰ ਉਹਦੀ ਖੁਸ਼ਬੂ, ਉਹਦਾ ਆਭਾ ਮੰਡਲ ਮੇਰੇ ਨਾਲ ਰਿਹਾ। ਅਚਾਨਕ ਪੰਦਰਾਂ–ਸੋਲਾਂ ਸਾਲਾਂ ਮਗਰੋਂ ਉਹ ਫਿਰ ਪ੍ਰਗਟ ਹੋਈ ਤਾਂ ਉਹਦੇ ਆਭਾ–ਮੰਡਲ ਵਿਚ ਕਹਿਰਾਂ ਦਾ ਤੇਜ ਸੀ। ਓਸ਼ੋ ਸੰਨਿਆਸ ਦੇ ਨਾਂ ਨਾਲ ਉਹ ਅਦ੍ਵੈਤ ਭਾਵਿਆ ਹੋ ਚੁੱਕੀ ਸੀ। ਅਸਲ ਵਿਚ ਉਹਦੇ ਸਾਰੇ ਨਾਂ ਤੇ ਸਾਰੇ ਰੂਪ ਕਦੀ ਸ਼ੀਰੀਨ ਅਨੰਦਿਤਾ ਵਿਚ ਤੇ ਕਦੇ ਅਦ੍ਵੈਤ ਭਾਵਿਆ ਵਿਚ ਆ ਰਲਦੇ ਹਨ।

ਇਸ ਸ਼ਖ਼ਸ ਦੀ ਇਹ ਯਾਤਰਾ ਉਹਦੀ ਕਾਵਿ–ਯਾਤਰਾ ਵੀ ਹੈ। ਇਨ੍ਹਾਂ ਨਜ਼ਮਾਂ ਵਿਚ ਕਦੀ ਰਮਨਜੀਤ–ਰੰਮੀ ਉਭਰਦੀ ਹੈ, ਵਿਦਰੋਹ ਕਰਦੀ, ਸਵਾਲ ਕਰਦੀ, ਮੁਹੱਬਤਾਂ 'ਚ ਡੁੱਬਦੀ, ਉਦਾਸ ਹੁੰਦੀ ਰੰਮੀ। ਪਰ ਇਨ੍ਹਾਂ ਉਦਾਸੀਆਂ 'ਚੋਂ ਉਭਰਦੀ ਹੈ ਤਾਂ ਸ਼ੀਰੀਨ ਅਨੰਦਿਤਾ ਹੋ ਜਾਂਦੀ ਹੈ, ਜੋ ਉਦਾਸੀਆਂ ਨੂੰ, ਸਵਾਲਾਂ ਨੂੰ ਤੇ ਵਿਦਰੋਹ ਨੂੰ ਸਿਰਜਦੀ ਹੈ ਤੇ ਜ਼ਹਿਰ ਨੂੰ ਜੀਭ 'ਤੇ ਰੱਖਣ ਜੋਗਾ ਕਰ ਲੈਂਦੀ ਹੈ। ਫਿਰ ਇਨ੍ਹਾਂ ਨਜ਼ਮਾਂ ਵਿਚੋਂ ਚਮਕਦਾ ਹੈ, ਅਦ੍ਵੈਤ ਭਾਵਿਆ ਦਾ ਚਿਹਰਾ–ਸ਼ਾਂਤ, ਅਡੋਲ, ਸਹਿਜ ਵਗਦਾ ਦਰਿਆ, ਬ੍ਰਹਿਮੰਡ ਦਾ ਇਕ ਵਜੂਦ।

ਪੰਜਾਬੀ ਨਵ–ਕਵਿਤਾ ਦਾ ਅਧਿਐਨ ਹਮੇਸ਼ਾ ਮੁੱਖ–ਧਾਰਾ ਦੀ ਨਵ–ਕਵਿਤਾ ਵਿਚੋਂ ਨਾਰੀ–ਕਾਵਿ ਨੂੰ ਵੱਖ ਕਰਕੇ ਕੀਤਾ ਗਿਆ ਹੈ। ਸ਼ੀਰੀਨ ਦੀ ਕਵਿਤਾ ਨੂੰ ਮੈਂ ਸਮੁੱਚੀ ਨਵ–ਕਵਿਤਾ ਦੇ ਸੰਦਰਭ ਵਿਚ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ ਅਤੇ ਨਾਰੀ–ਕਾਵਿ ਦੇ ਸੰਦਰਭ ਵਿਚ ਸਮਝਣ ਦੀ ਵੀ। ਸ਼ੀਰੀਨ ਦੀ ਕਲਮ ਵਿਲੱਖਣ ਕਲਮ ਹੈ, ਜੋ ਲਿਖਾਰੀ ਤੇ ਅੱਖਰਾਂ ਲਈ ਦੁਆ ਕਰ ਰਹੀ ਹੈ:–

ਯਾ ਅੱਲਾ! ਲਿਖਾਰੀਆਂ ਨੂੰ ਦੇਹ
ਬਹਾਰਾਂ ਅੱਖਰਾਂ ਦੀਆਂ
ਬਾਂਝ ਨਾ ਹੋਵੇ ਕੁੱਖ, ਕਿਸੇ ਕਲਮ ਦੀ!
ਲਿਖਾਰੀ ਵਾਹੁਣ ਮਾਂ ਬੋਲੀ ਨੂੰ
ਬੀਜਣ ਕਵਿਤਾਵਾਂ
ਹੋਣ ਫ਼ਸਲਾਂ ਕਿਤਾਬਾਂ ਦੀਆਂ

ਕੋਠੇ ਭਰ ਜਾਣ ਕਿਤਾਬਾਂ ਦੇ।

ਸ਼ੀਰੀਨ ਕੁੱਖ ਦੀ ਪੀੜ ਨੂੰ ਜਾਣਦੀ ਏ। ਉਸ ਨੇ ਹੋ ਕੇ ਵੇਖਿਆ ਹੈ, ਪੀੜ ਤੋਂ ਮਹਾਂ-ਕਾਵਿ। ਉਹ ਖ਼ੁਦ ਹੋਈ ਹੈ, ਦਰਦ ਤੋਂ ਗ੍ਰੰਥ। ਉਸ ਪਿਆਰ ਕੀਤਾ ਤਾਂ ਹੋ ਗਈ ਨਿਰਸਵਾਲ। ਪਰ ਛੇਤੀ ਹੀ ਮੋਹ-ਭੰਗ ਹੋਇਆ ਤਾਂ ਉਹ ਸਵਾਲ-ਸਵਾਲ ਹੋ ਗਈ:-

ਹੁਣ ਨਾ ਮੈਂ ਪੁੱਛਦੀ ਹਾਂ ਸ਼ਾਇਰ ਨੂੰ ਕੁਝ
ਤੇ ਨਾ ਹੀ ਸ਼ਾਇਰ ਕਹਿੰਦਾ ਹੈ ਕੁਝ
ਜਾਣਦੀ ਹਾਂ ਪਰ
ਨਾ ਜ਼ਮੀਨ ਤੇ ਹੋਵੇਗਾ ਘਰ ਮੇਰਾ
ਨਾ ਚੰਨ ਤੇ ਹੋਵੇਗਾ ਘਰ 'ਆਪਣਾ'।

ਸ਼ੀਰੀਨ ਦੀ ਆਵਾਜ਼ ਸਮਾਜ ਤੇ ਸਥਾਪਤੀ ਤੋਂ ਮਿਲੇ ਦਰਦ ਦੀ ਵੇਦਨਾ ਵੀ ਸੁਣਾਉਂਦੀ ਹੈ, ਸਵਾਲ ਵੀ ਕਰਦੀ ਹੈ, ਵਿਅੰਗ ਵੀ ਕਰਦੀ ਹੈ ਅਤੇ ਵਿਦਰੋਹ ਵੀ ਕਰਦੀ ਹੈ। ਔਰਤ ਦੀ ਹੋਂਦ ਤੇ ਸਾਥੀ ਦੇ ਸੱਚ ਨੂੰ ਚਿਤ੍ਰਦੀ ਇਹ ਨਜ਼ਮ ਵਿਅੰਗ ਦਾ ਵਿਲੱਖਣ ਮੈਟਾਫ਼ਰ ਹੈ:-

ਮੈਂ, ਕਿਸੇ ਦੀ ਉਤਾਰੀ ਹੋਈ ਜੁੱਤੀ ਸੀ
ਤੂੰ ਵੀ ਕਿਸੇ ਦੀ ਉਤਾਰੀ ਹੋਈ ਜੁੱਤੀ ਸੈਂ--
- - - - -
ਮਿਲ ਕੇ ਦੋਹਾਂ ਨੇ
ਇਕ ਨਵਾਂ ਜੋੜਾ ਬਣਨ ਦੀ ਸੋਚੀ
- - - - -
ਕੁਝ ਚਿਰ ਮਗਰੋਂ ਹੀ
ਤੂੰ ਆਖਣ ਲੱਗਾ
'ਮੈਂ ਮਰਦਾਨਾ ਜੁੱਤੀ
ਤੂੰ ਜ਼ਨਾਨਾ ਜੁੱਤੀ
ਜੋੜਾ ਕੈਸਾ ?'

ਇਸ ਕਾਵਿ ਵਿਚਲੀ ਔਰਤ ਅੱਜ ਦੀ ਸ਼ਕੁੰਤਲਾ ਹੈ, ਜੋ ਦੁਸ਼ਿਅੰਤ ਨੂੰ ਪਾ ਤਾਂ ਲੈਂਦੀ ਹੈ, ਪਰ ਸਾਰੀ ਉਮਰ ਦੁਸ਼ਿਅੰਤ ਵਿਚੋਂ ਦੁਸ਼ਿਅੰਤ ਲੱਭਦੀ ਰਹਿੰਦੀ ਹੈ। ਸ਼ੀਰੀਨ ਉਸ ਔਰਤ ਦੇ ਦਰਦ ਨੂੰ ਵੀ ਵੀ ਲਿਖ ਰਹੀ ਹੈ, ਜੋ ਵਰਜਿਤ ਸਮਾਜ ਦੀ ਘੁਟਨ ਨੂੰ ਮਹਿਸੂਸ ਕਰਦਿਆਂ, ਆਪਣੀ ਉਡਾਣ ਭੁੱਲੀ ਬੈਠੀ ਹੈ ਅਤੇ ਉਸ ਔਰਤ ਨੂੰ ਵੀ ਸਿਰਜ ਰਹੀ ਹੈ, ਜੋ ਸੁਹਾਗ-ਨਿਸ਼ਾਨੀਆਂ ਨੂੰ ਬੇੜੀਆਂ ਸਮਝਦੀ ਵਿਦਰੋਹ ਕਰਦੀ ਹੈ ਅਤੇ ਉਡਾਣ ਭਰਨ ਨੂੰ ਤਾਂਘਦੀ ਹੈ:-

ਜੀ ਕਰਦੈ ਲਾਹ ਸੁੱਟਾਂ ਗਲੇ 'ਚੋਂ ਇਹ ਫਾਂਸੀ
ਪੂੰਝ ਦਿਆਂ ਮੱਥੇ ਤੇ ਲੱਗੀ ਇਹ ਮੋਹਰ
- - - - -

ਜੀ ਕਰਦੈ ਭਰ ਜਾਵਾਂ,
ਪੰਛੀਆਂ ਦੇ ਪਰਾਂ 'ਚ
ਤੋੜ ਕੇ ਸਭ ਪਿੰਜਰੇ
ਸਾਰੀ ਦੀ ਸਾਰੀ ਹਵਾ ਹੋ ਜਾਵਾਂ।

ਕਦੀ ਉਹ ਬੇਬੇ ਦੇ ਸਾਰੇ ਸੰਘਰਸ਼ਸ਼ੀਲ ਜੀਵਨ ਨੂੰ ਸ਼ਬਦ-ਚਿੱਤ੍ਰ ਵਿਚ ਬਦਲਦੀ ਹੈ, ਕਦੀ ਸ਼ਾਂਤੀ ਦੇਵੀ ਦਾ ਦਰਦ ਲਿਖਦੀ ਹੈ ਅਤੇ ਕਦੀ ਥੰਜਮ ਮਨੋਰਮਾ ਦੀ ਮੌਤ ਨੂੰ ਔਰਤ ਦੇ ਸੰਘਰਸ਼ ਦਾ ਸੁਨੇਹਾ ਬਣਾਉਂਦੀ ਹੈ। ਇਸ ਤਰ੍ਹਾਂ ਸ਼ੀਰੀਨ ਪੰਜਾਬੀ ਨਾਰੀ-ਕਾਵਿ ਵਿਚ ਇਕ ਵਿਦਰੋਹੀ ਸੁਰ ਬਣ ਕੇ ਉਭਰਦੀ ਹੈ। ਉਹਦੇ ਮੈਟਾਫ਼ਰ ਅਤੇ ਕਾਵਿ-ਭਾਸ਼ਾ ਵਿਚ ਇਕ ਵਿਲੱਖਣ ਸਮਰੱਥਾ ਹੈ।

ਸ਼ੀਰੀਨ ਦੇ ਕਾਵਿ ਦਾ ਇਕ ਹੋਰ ਰੰਗ ਅੰਤਰ-ਯਾਤਰਾ ਦਾ ਹੈ। ਕਿਤੇ ਸਿਧਾਂਤਕ ਰੂਪ ਵਿਚ ਅਤੇ ਕਿਤੇ ਰੂਪਕੀ ਰੂਪ ਵਿਚ ਉਹ ਸਰਬ ਵਿਆਪਕ ਸੱਚ ਨਾਲ ਜੁੜਦੀ ਹੈ। ਉਹ ਪੂਰੀ ਸ੍ਰਿਸ਼ਟੀ ਦੇ 'ਤਰੱਨੁਮ' ਵਿਚ ਬੱਝਣਾ ਚਾਹੁੰਦੀ ਹੈ। ਜੀਵਨ-ਯਾਤਰਾ ਦੇ ਅਰਥ ਲੱਭਦੀ, ਇਹਦੇ ਤਾਲ 'ਤੇ ਨੱਚਣਾ ਚਾਹੁੰਦੀ ਹੈ। ਸ਼ਬਦਾਂ ਨੂੰ ਬਹੁ-ਪਾਸਾਰੀ ਅਰਥਾਂ ਵਿਚ ਸਿਰਜਦੀ ਕਿਸੇ ਅਦਿੱਖ ਸੱਚ ਵੱਲ ਵਧਣ ਦੀ ਤਲਬ ਰੱਖਦੀ ਹੈ:-

ਚੱਕਰ ਵੇਖ ਕੇ, ਚੱਕਰ ਆਉਂਦਾ
ਚੱਕਰ ਛੱਡੀਏ, ਚੱਕਰ ਭਾਉਂਦਾ
ਚੱਕਰਾਂ ਨੇ ਹੀ ਚੱਕਰਾਂ 'ਚ ਪਾਇਆ
ਬੱਸ ਏਨੀ ਹੀ ਸੀ ਜਗਤ ਦੀ ਮਾਇਆ ?

ਸ਼ੀਰੀਨ ਦੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਲਈ ਇਕ ਸ਼ੁਭ ਸ਼ਗਨ ਹੈ। ਜੇ ਇਸ ਕਵਿਤਾ ਵਿਚ ਹੋਰ ਸੰਜੀਦਗੀ ਤੇ ਸਹਿਜਤਾ ਆਉਂਦੀ ਹੈ ਤਾਂ ਇਹ ਕਵਿਤਾ ਨਵੀਂ ਪੰਜਾਬੀ ਕਵਿਤਾ ਦੀ ਪ੍ਰਾਪਤੀ ਬਣਨ ਦੀ ਸਮਰੱਥਾ ਰੱਖਦੀ ਹੈ।

ਪਾਲ ਕੌਰ
2224, ਸੈਕਟਰ-9
ਅੰਬਾਲਾ ਸ਼ਹਿਰ।

ਮੈਂ ਚਿਰ ਕੁਆਰੀ ਵਿਧਵਾ
ਕੀ ਜਾਣਾ ਮੈਂ ਜੋਗ-ਭੋਗ।
ਚਿਰ-ਸੰਤਾਪੇ ਅੰਗ ਨੇ ਮੇਰੇ
ਲੱਗ ਗਏ ਦਿਲ ਦੇ ਰੋਗ।
ਇਸ਼ਕ ਤੇਰੇ ਦੇ ਮੰਦਿਰਾਂ ਅੰਦਰ
ਜਿਸਮ ਮੇਰੇ ਦਾ ਚੜ੍ਹਦਾ ਭੋਗ।
ਲਾਲ ਰੰਗ ਨਾਲ ਯਾਰੀ ਮੇਰੀ
ਤਾਹਨੇ ਮਿਹਣੇ ਕਸਦੇ ਲੋਗ!

## ਲਿਖਾਰੀ ਕੁੱਖ

ਮੇਰੀ ਲਿਖਾਰੀ ਕੁੱਖ
ਬੜੀ ਜੂਝ ਜੂਝ ਕੇ,
ਜੰਮਣ ਪੀੜਾਂ ਲੈਂਦੀ ਰਹੀ
        ਰਹੀ ਪਰ ਕਵਿਤਾ-ਵਿਹੂਣੀ!
ਰਹਿ ਜਾਂਦੀ ਹਾਂ ਤੜਪ-ਤੜਪ ਕੇ
ਬਾਲੜੇ ਖ਼ਿਆਲ ਮੇਰੇ
        ਸੋਚ ਦੀ ਕੰਨੀ ਨੂੰ ਛੂਹ ਛੂਹ ਜਾਂਦੇ-
ਬੱਸ ਫੜਿਆ ਕਿ ਫੜਿਆ....
ਪਰ ਖ਼ਿਆਲ ਨੇ ਕਿ ਹੱਥ ਨਹੀਂ ਆਉਂਦੇ
ਦਿਮਾਗ਼ ਏ ਕਿ ਹਫ਼ ਜਾਂਦਾ
ਖ਼ਿਆਲ ਨੇ ਕਿ ਭੱਜ ਭੱਜ ਜਾਂਦੇ!
ਪਰ ਐਸਾ ਵੀ ਵਕਤ ਆਉਂਦਾ ਹੈ
ਕਿ ਬਹਾਰ ਆਉਂਦੀ ਹੈ ਖ਼ਿਆਲਾਂ 'ਤੇ-
        ਚੰਗੇਰ ਭਰ-ਭਰ ਜਾਂਦੀਆਂ ਨੇ
        ਫੁੱਲ ਡੁੱਲ੍ਹ-ਡੁੱਲ੍ਹ ਜਾਂਦੇ ਨੇ
        ਰੱਬ ਜਿਹੇ ਮੇਰੇ!

♠♠

## ਅੱਖਰਾਂ ਦੇ ਜਸ਼ਨ

ਯਾ ਅੱਲਾ!
ਲਿਖਾਰੀਆਂ ਨੂੰ ਦੇਹ
ਬਹਾਰਾਂ ਅੱਖਰਾਂ ਦੀਆਂ!
ਬਾਂਝ ਨਾ ਹੋਵੇ ਕੁੱਖ
ਕਿਸੇ ਕਲਮ ਦੀ।
ਲਿਖਾਰੀ ਵਾਹੁਣ ਮਾਂ ਬੋਲੀ ਨੂੰ
ਬੀਜਣ ਕਵਿਤਾਵਾਂ
ਹੋਣ ਫ਼ਸਲਾਂ ਕਿਤਾਬਾਂ ਦੀਆਂ,
ਕੋਠੇ ਭਰ ਜਾਣ ਕਿਤਾਬਾਂ ਦੇ!
ਕਿਤਾਬਾਂ ਪੜ੍ਹੀਏ
ਕਿਤਾਬਾਂ ਲਿਖੀਏ
ਕਿਤਾਬਾਂ ਸੌਂਈਏ
ਕਿਤਾਬਾਂ ਖਾਈਏ
ਕਿਤਾਬਾਂ ਪਹਿਨੀਏ
ਕਿਤਾਬਾਂ ਤਾਣੀਏ!
ਦਾਈ-ਆਲੋਚਕ ਸਾਡੇ ਬੂਹਿਆਂ 'ਤੇ
ਸ਼ਰੀਂਹ ਬੰਨ੍ਹ ਬੰਨ੍ਹ ਜਾਣ!
ਆਲਮ-ਫ਼ਾਜ਼ਲ ਵਾਰਨੇ ਕਰਨ
ਲਿਖਾਰੀਆਂ ਦੇ ਸਿਰਾਂ ਤੋਂ!
ਸੂਤਕ ਰੁੱਤ ਕੱਟ ਕੇ
ਜਦੋਂ ਕੋਈ ਲਿਖਾਰੀ ਆਵੇ,
ਤਾਂ ਹਰ ਬਸ਼ਰ
ਜੱਚਾ-ਬੱਚਾ ਦੇ ਸ਼ਗਨ ਮਨਾਵੇ!
ਕਿਰਤ ਤੇ ਕਰਤਾ
ਦੋਹਾਂ ਨੂੰ ਅੱਖਾਂ ਤੇ ਬਹਾਈਏ
ਯਾ ਅੱਲਾ!
ਅਸੀਂ ਨਿੱਤ-ਨਿੱਤ ਅੱਖਰਾਂ ਦੇ ਜਸ਼ਨ ਮਨਾਈਏ!

♠♠

## ਪਿਆਸੀ ਰੂਹ

ਬੈਠੀ ਸਾਂ ਨਹਿਰ ਕੰਢੇ
ਨਹਿਰ, ਜੋ ਸਾਰੇ ਸ਼ਹਿਰ 'ਚ ਘੁੰਮਦੀ ਸੀ
ਪਰ ਸੁੱਕੀ ਦੀ ਸੁੱਕੀ
ਤੇ ਲੋਕ ਪਿਆਸੇ ਸਨ--
ਉਹ ਆਉਂਦੇ, ਤੇ ਮੈਨੂੰ ਨਹਿਰ-ਕੰਢੇ ਬੈਠੀ ਨੂੰ
ਵੇਖ ਕੇ ਮੁੜ ਜਾਂਦੇ!
ਅਚਾਨਕ ਇਕ ਦਿਨ ਕੋਈ ਆਇਆ
ਛੂਹਿਆ ਮੈਨੂੰ,
ਤੇ ਮੇਰੇ ਪੈਰਾਂ ਦੇ ਨਹੁੰ ਪਾਣੀ ਬਣ ਗਏ!
ਵੇਖਦਿਆਂ ਵੇਖਦਿਆਂ ਪਾਣੀ
ਨਹਿਰ 'ਚ ਹੜ੍ਹਨ ਲੱਗਾ!
ਲੋਕ ਆਏ ਤੇ ਮੰਗਣ ਲੱਗੇ ਪਾਣੀ!
ਖੁਰਨ ਲੱਗੀ ਮੈਂ
ਤੇ ਲੋਕ ਲੁੱਟਣ ਲੱਗੇ ਪਾਣੀ!
ਹੌਲੀ ਹੌਲੀ ਵਹਿ ਗਈ ਮੈਂ, ਸਾਰੀ ਦੀ ਸਾਰੀ-
ਲੋਕ ਪੀ ਗਏ ਇਹ ਨਹਿਰ, ਸਾਰੀ ਦੀ ਸਾਰੀ
ਬੈਠੀ ਹਾਂ ਉਸੇ ਨਹਿਰ ਦੇ ਕੰਢੇ
ਪਿਆਸੀ ਦੀ ਪਿਆਸੀ-
ਖੁਰਦਾ ਏ ਜਿਸਮ
ਤੇ ਉਹ ਪਿਆਸ ਬੁਝਾ ਕੇ ਤੁਰ ਜਾਂਦੇ ਨੇ
ਬੈਠੀ ਰਹਿੰਦੀ ਹਾਂ ਮੈਂ
ਬੇਜਿਸਮ,
ਸੁੱਕੀ ਨਹਿਰ ਦੇ ਕੰਢੇ
ਪਿਆਸੀ ਦੀ ਪਿਆਸੀ!

♠♠

## ਇਕ ਜੂਨ *

ਇਕ ਜੂਨ.....
ਜੋ ਹੰਝੂ ਵਾਂਗ ਕਿਰਿਆ
ਉੱਠਿਆ ਇਕ ਹਉਕੇ ਵਾਂਗ!
ਤੇ ਮੇਰੇ ਦਿਲ 'ਚੋਂ ਲੈ ਗਿਆ ਰੁੱਗ ਭਰ ਕੇ
ਲੈ ਗਿਆ ਮੇਰੀ ਕੁੱਖ ਨੂੰ ਘਰੂੰਡ ਕੇ;

ਜਾ ਮਿਲਿਆ ਵਜੂਦ ਮੇਰਾ
ਮਿੱਟੀ ਦੇ ਨਾਲ!
ਛੋਟੀ ਕੁੱਖ ਦੀ ਕਮਾਈ
ਵੱਡੀ ਕੁੱਖ ਨੇ ਸਾਂਭ ਲਈ ਸੀ
ਇਸ ਦਿਨ ਸਦਾ ਲਈ।

ਲਿਖਦੀ ਹਾਂ ਜਦੋਂ ਵੀ ਹੁਣ 'ਇਕ ਜੂਨ'
ਤਾਂ ਨਹੀਂ ਲਿਖੀ ਜਾਂਦੀ ਮੈਥੋਂ,
ਕਵਿਤਾ ਕੋਈ।

ਲਿਖਦੀ ਹਾਂ ਜਦੋਂ ਵੀ, ....ਇਕ ਜੂਨ....
ਤਾਂ ਹੋ ਜਾਂਦੀ ਹਾਂ,
ਮਹਾਂ-ਕਾਵਿ ਕੋਈ!
ਰਚਿਆ ਜਾਂਦਾ ਏ ਦਰਦ ਦਾ
ਇਕ ਗ੍ਰੰਥ ਮੇਰੇ ਅੰਦਰ!

♠♠

* ਇਕ ਜੂਨ, 1993 ਨੂੰ ਮੇਰੀ ਪਹਿਲੀ ਧੀ ਰਾਬੀਆ ਮੈਥੋਂ ਛੁੱਟ ਗਈ ਸੀ।

## ਤਰੱਨੁਮ

ਇਹ ਤਰੱਨੁਮ....
ਇਹ ਚੰਨ, ਇਹ ਤਾਰੇ,
ਇਹ ਸਮੁੰਦਰ, ਇਹ ਹਵਾਵਾਂ
ਦਿਸਦੀਆਂ ਤਾਂ ਨੇ
ਮਹਿਸੂਸ ਵੀ ਹੁੰਦੀਆਂ ਨੇ
ਪਰ ਥੋੜ੍ਹੇ ਚਿਰ ਲਈ!
ਫਿਰ ਗੁੰਮ ਜਾਂਦੀਆਂ ਨੇ।
ਮੈਂ ਇਨ੍ਹਾਂ ਨੂੰ ਹਮੇਸ਼ਾ ਨਾਲ ਰੱਖਣਾ ਹੈ।

ਇੰਝ ਕਰਦੀ ਹਾਂ
ਆਪਣੀ ਚੁੰਨੀ ਵਿਛਾਉਂਦੀ ਹਾਂ
ਚਾਰੇ ਕੰਨੀਆਂ ਭਰ ਲੈਂਦੀ ਹਾਂ।
ਇਕ ਕੰਨੀ 'ਚ ਚੰਨ ਨੂੰ ਗੰਢ ਮਾਰ ਲੈਂਦੀ ਹਾਂ
ਇਕ ਕੰਨੀ ਤਾੜਦੀ ਹਾਂ ਤਾਰਿਆਂ ਨੂੰ
ਇਕ ਕੰਨੀ 'ਚ ਸਮੁੰਦਰ ਨੂੰ
ਇਕ ਕੰਨੀ 'ਚ ਹਵਾ ਨੂੰ ਬੰਨ੍ਹ ਲੈਂਦੀ ਹਾਂ-
ਤੇ ਵਿਚਕਾਰ ਚੁੰਨੀ ਦੇ
ਤਰੱਨੁਮ ਬੰਨ੍ਹ ਲੈਂਦੀ ਹਾਂ-

ਫਿਰ ਭਾਵੇਂ ਸਾਰੀ ਉਮਰ ਵਕਤ ਨਾ ਮਿਲੇ
ਕਿਸੇ ਨੂੰ ਵੀ ਜੀਣ ਦਾ
ਜਦੋਂ ਜੀਅ ਕਰੇਗਾ
ਗੰਢ ਖੋਲ੍ਹ ਲਵਾਂਗੀ
ਜੀਅ ਲਵਾਂਗੀ ਜਿਸ ਨੂੰ ਚਾਹਾਂਗੀ!
ਮਰਨ ਤੋਂ ਪਹਿਲਾਂ ਵਸੀਅਤ ਕਰ ਜਾਵਾਂਗੀ
ਕਫ਼ਨ ਮੇਰਾ,
ਮੇਰੀ ਇਹ ਚੁੰਨੀ ਹੀ ਹੋਵੇ--
ਪਰ ਸਾਰੀਆਂ ਗੰਢਾਂ ਖੋਲ੍ਹ ਦੇਣਾ।

ਇਕ ਗੰਢ ਖੁੱਲ੍ਹੇ ਤਾਂ ਚੰਨ ਮੁਸਕਰਾ ਪਵੇ
ਇਕ ਗੰਢ ਖੁੱਲ੍ਹੇ ਤਾਂ ਤਾਰੇ ਖਿੜ ਪੈਣ
ਇਕ ਗੰਢ ਖੁੱਲ੍ਹੇ ਤਾਂ ਸਮੁੰਦਰ ਉਛਲ ਪਵੇ
ਇਕ ਗੰਢ ਖੁੱਲ੍ਹੇ ਤਾਂ ਹਵਾ ਮਹਿਕ ਪਵੇ--

ਫਿਰ ਮੌਤ ਮੁਸਕਰਾਏਗੀ
ਖਿੜ-ਖਿੜ ਹੱਸੇਗੀ
ਉਛਲ-ਉਛਲ ਪਵੇਗੀ,
ਮਹਿਕ ਪਵੇਗੀ
ਨਾ ਚੁੱਪ ਰਹੇਗੀ ਕੋਈ
ਜਦੋਂ ਖੁੱਲ੍ਹੇਗੀ ਆਖਰੀ ਵੱਡੀ ਗੰਢ
ਤਾਂ ਗਾਏਗੀ ਗੀਤ ਮੌਤ ਵੀ
ਤਰੱਨੁਮ 'ਚ!

♠♠

## ਅਚੇਤ ਅਨੰਤ

ਇੱਕ ਲੰਮੀ, ਬੜੀ ਲੰਮੀ ਸੁਰੰਗ ਹੈ
ਜਿਸ 'ਚ ਤੁਰੀ ਜਾ ਰਹੀ ਹਾਂ
ਅਚੇਤ-ਸੁਚੇਤ ਮੈਂ--
ਨਾ ਕੋਈ ਆਰ, ਨਾ ਪਾਰ
ਨਾ ਹੀ ਪਤਾ ਕੁਝ ਵੀ--
ਅਗਲੇ ਸੰਨਾਟੇ ਤੋਂ ਘਬਰਾ ਕਦੀ
ਪਿੱਛੇ ਤੁਰ ਪੈਂਦੀ ਹਾਂ
ਪਿਛਲੇ ਸੰਨਾਟੇ ਤੋਂ ਘਬਰਾ
ਤੁਰ ਪੈਂਦੀ ਹਾਂ ਅੱਗੇ ਕਦੀ।
ਜਾਣਦੀ ਹਾਂ ਕਿ ਹੈ ਸਿਲਸਿਲਾ ਇਹ ਅੰਤਹੀਣ--
ਪਰ ਤੁਰੀ ਜਾ ਰਹੀ
ਇਸ ਅਨੰਤ ਸੁਰੰਗ ਵਿਚ
ਕਿਸੇ ਅਨੰਤ ਤੱਕ
ਅਚੇਤ-ਸੁਚੇਤ!

♠♠

## ਕੁਕਨੂਸ

ਤਲ 'ਤੇ ਪਈ ਇਹ ਰਾਖ਼
ਠੰਢੀ.....
ਇਸ ਰਾਖ ਵਿਚੋਂ ਆਉਂਦੀ ਏ ਹਾਲੇ ਮਹਿਕ!
ਪਰ ਕਿਉਂ ਲੱਗੇ ਫਿਰ ਵੀ ਕਦੇ
          ਸੇਕ ਜਿਹਾ!
ਤਲੀ 'ਤੇ ਪਈ ਇਹ ਰਾਖ਼
ਮੁੜ-ਮੁੜ ਬਲ ਪਵੇ
ਹੱਥ ਦੇ ਸੇਕ ਨਾਲ!

♠♠

## ਅੰਤਰ-ਯਾਤਰਾ

ਮਨ ਅੱਜ ਕੱਲ
ਫਿਰ ਰਿਹਾ ਹੈ, ਉਤਲੀਆਂ ਤੈਹਾਂ ਵਿਚ ਹੀ!
ਮਲਾਈ ਆ ਜਾਂਦੀ ਹੈ ਜਦੋਂ ਦੁੱਧ 'ਤੇ
ਤਾਂ ਨਹੀਂ ਘੁਲਦੀ ਦੁਬਾਰਾ ਦੁੱਧ ਵਿਚ।
ਮਲਾਈ ਤੋਂ ਬਣ ਜਾਣਗੀਆਂ
ਮਠਿਆਈਆਂ।
ਮੈਂ ਪਛਾਣਦੀ ਹਾਂ
ਅੰਤਰ-ਮਨ ਦੀਆਂ ਤੈਹਾਂ ਨੂੰ....
ਪਰ ਫਿਰ ਵੀ
ਬਣਦੀ ਹਾਂ ਮਲਾਈ ਕਦੀ
ਬਣਦੀ ਹਾਂ ਮਠਿਆਈ ਕਦੀ
ਤੇ ਫਿਰ ਫਿਰ
ਦੁੱਧ ਹੋ ਬਹਿੰਦੀ ਹਾਂ!

♠♠

## ਮੁੜ-ਮੁੜ

ਉੱਡ ਤਾਂ ਜਾਈਏ
ਉੱਡਦੇ ਬਾਜ਼ਾਂ ਮਗਰ
            ਆਕਾਸ਼ ਜੀ!
ਪਰ ਇਕ ਸ਼ਿਕਰਾ
ਦੇਖ ਕੇ ਸਾਨੂੰ
ਬੰਨ੍ਹ ਲੈਂਦੈ
            ਇਕ ਆਸ ਜੀ!

♠♠

## ਭਟਕਣ ਮਨ ਦੀ

ਮਨ ਭਟਕਦਾ ਫਿਰਦਾ ਹੈ
ਨਾ ਟਿਕਦਾ ਹੈ, ਨਾ ਠਹਿਰਦਾ ਕਿਤੇ–
ਪਤਾ ਨਹੀਂ ਕੀ ਧੜਕਦਾ ਹੈ
ਕਿਸ ਸੋਚ ਦਾ ਪੱਤਾ ਖੜਕਦਾ ਹੈ!
ਇਕ ਅਨੰਤ ਅੰਬਰ 'ਚ ਦੌੜਦਾ
ਇਕ ਮਹਾਂਵਿਸਤਾਰ ਲਈ ਜਾਗਦਾ
ਪਾਗਲ ਹੈ,
            ਦੌੜਦਾ–ਭੱਜਦਾ
            ਜਾਗਦਾ–ਭੱਜਦਾ
ਜਿਵੇਂ ਲੱਗਾ ਹੋਵੇ
ਕਾਮ–ਤ੍ਰਿਪਤੀ ਦੇ
ਇਕ ਛਿਣ ਦੀ ਪਿਆਸ ਲਈ....

ਇੱਛਾ ਵੱਡੀ, ਹੋਰ ਵੱਡੀ ਹੁੰਦੀ ਜਾਂਦੀ
ਸੁਕੂਨ ਦੀ ਖ਼ਾਤਿਰ
ਸੁਕੂਨ ਤੋਂ ਦੂਰੀ ਹੁੰਦੀ ਜਾਂਦੀ।
ਇਕ ਤਾਂ ਮਸਤ ਹਾਥੀ, ਦੂਜਾ ਖ਼ੁਮਾਰ
ਮਨ ਜਾ ਪੁੱਜਾ, ਮਨ ਤੋਂ ਹੀ ਉਸ ਪਾਰ।

ਮਹਾਂ ਵਿਸਤਾਰ ਦਾ ਹੈ
ਵਿਸਤਾਰ ਹੁੰਦਾ ਜਾਂਦਾ....
ਬੱਸ ਇਕ ਹੀ ਬਿੰਦੂ ਤਾਂ
            ਹੱਥ 'ਚ ਨਹੀਂ ਆਉਂਦਾ....

ਮਨ ਨਹੀਂ ਟਿਕਦਾ
ਜਦੋਂ ਵੀ ਕਦੀ ਕਿਤੇ ਸੋਚ ਦਾ ਪੱਤਾ ਖੜਕਦਾ ਹੈ।

♠♠

## ਆਪਣੀ ਨਜ਼ਰ

ਆਪਣੀਆਂ ਅੱਖਾਂ ਪਾਉਣ ਦੀ ਖ਼ਾਤਿਰ
ਦੂਜਿਆਂ ਦੀਆਂ ਅੱਖਾਂ ਮੋੜਨੀਆਂ ਪੈਣਗੀਆਂ!

ਸਾਵਣ ਦੇ ਅੰਨ੍ਹੇ ਨੇ ਉਹ
ਸਭ ਹਰਾ ਦਿਸਦਾ ਹੋਵੇਗਾ--
ਤੂਫ਼ਾਨਾਂ ਦੀ ਅੰਨ੍ਹੀ ਹਾਂ ਮੈਂ
ਸਭ ਤੂਫ਼ਾਨ ਹੀ ਲੱਗੇ ਮੈਨੂੰ--
ਕੁਝ ਤਾਂ ਫ਼ਰਕ ਹੋਵੇਗਾ
ਫੁੱਲ ਤੇ ਪੱਥਰ ਵਿਚ
ਸੋ ਹੈ!

ਹਰ ਤਰ੍ਹਾਂ ਦੀਆਂ ਅੱਖਾਂ
ਇਕ ਚਿਹਰੇ 'ਤੇ ਨਾ ਫੱਬਣ
ਤੇ ਮੈਂ ਉਧਾਰ ਦੀਆਂ ਅੱਖਾਂ
ਮੋੜ ਦਿੱਤੀਆਂ ਨੇ!

♠♠

## ਅਦਿੱਖ ਵਿੱਥਾਂ 'ਚ

ਰੱਬ ਨੂੰ ਲੱਭਣ ਲਈ
ਦਾਨਿਸ਼ਮੰਦਾਂ ਨੇ
ਕੁਝ ਬਾਰੀਆਂ-ਬੂਹੇ ਬਣਾ ਦਿੱਤੇ
ਤਾਂ ਕਿ ਜੋ ਵੀ ਚਾਹੇ
ਰੱਬ ਨੂੰ ਲੱਭ ਲਵੇ--
ਬਿਨਾਂ ਕੋਈ ਸਵਾਲ ਪੁੱਛੇ
ਇਕ ਚੁੱਪ ਦਾ ਮੁਹਤਾਜ
ਹੱਥ ਫੜ ਕੇ ਕੋਈ ਨਹੀਂ ਲੈ ਜਾਵੇਗਾ
ਕਿ ਵੇਖ, ਉਹ ਰੱਬ ਬੈਠਾ ਹੈ--
ਖ਼ੁਦ ਹੀ ਵੇਖਣਾ ਸਮਝਣਾ ਪਵੇਗਾ--
ਹੋ ਸਕਦਾ ਹੈ, ਰੱਬ ਨਾ ਵੀ ਮਿਲੇ
ਤੇ ਤੇਰੇ ਲੱਭਣ ਵਿਚ
ਕੋਈ ਕਸਰ ਰਹਿ ਜਾਵੇ!
ਸ਼ਾਇਦ ਤੂੰ
            ਵੇਖ ਕੇ ਪਛਾਣ ਨਾ ਸਕੇਂ--
ਕਿਉਂਕਿ ਇਨ੍ਹਾਂ ਬੂਹੇ-ਬਾਰੀਆਂ ਦੇ
            ਬਿਲਕੁਲ ਵਿਚਾਲੇ
            ਕੁਝ ਜਗ੍ਹਾ ਖਾਲੀ ਹੈ!

♠♠

## ਘਰ ਮੇਰਾ

ਪੁੱਛਿਆ ਜੋ ਸ਼ਾਇਰ ਨੂੰ ਮੈਂ
ਇਹ ਘਰ ਆਪਣੈ ?
ਕਹਿੰਦਾ ਹੈ ਉਹ,
ਘਰ ਆਪਣਾ ਤਾਂ,
ਕਮਲੀਏ ਚੰਨ 'ਤੇ ਹੋਵੇਗਾ !
ਪੁੱਛਿਆ ਮੈਂ ਸ਼ਾਇਰ ਨੂੰ
ਚੰਨ ਚਾਂਦੀ ਦਾ ਕਸੋਰਾ ?
ਤਾਂ ਆਖਿਆ ਉਸ
ਕਿਸੇ ਪਾਗਲ ਨੇ ਕਿਹਾ ਹੋਣੈ !
ਪੁੱਛਿਆ ਮੈਂ ਸ਼ਾਇਰ ਨੂੰ
ਪਾਗਲ ਨੇ ਕਿਉਂ ਕਿਹਾ ਹੋਣੈਂ ?
ਤਾਂ ਆਖਿਆ ਉਸ
ਕਿਸੇ ਰਾਤ ਚੰਨ,
ਉਹਦੇ ਕਸੋਰੇ 'ਚ ਉਤਰਿਆ ਹੋਣੈ !
ਪੁੱਛਿਆ ਮੈਂ ਸ਼ਾਇਰ ਨੂੰ
ਚੰਨ ਜ਼ਮੀਨ 'ਤੇ ਆਇਆ ਕਿਵੇਂ ?
ਤਾਂ ਆਖਿਆ ਉਸ
ਕਮਲੀ ! ਜਿਵੇਂ ਆਪਣਾ ਘਰ
ਹੋਵੇਗਾ ਚੰਨ 'ਤੇ !
ਹੁਣ ਨਾ ਮੈਂ ਪੁੱਛਦੀ ਹਾਂ ਸ਼ਾਇਰ ਨੂੰ ਕੁਝ
ਤੇ ਨਾ ਹੀ ਸ਼ਾਇਰ ਕਹਿੰਦਾ ਹੈ ਕੁਝ
ਜਾਣਦੀ ਹਾਂ ਪਰ
ਨਾ ਜ਼ਮੀਨ 'ਤੇ ਹੋਵੇਗਾ ਘਰ ਮੇਰਾ
ਨਾ ਚੰਨ 'ਤੇ ਹੋਵੇਗਾ ਘਰ ਆਪਣਾ !

♠♠

## ਸਫ਼ਰ ਮਨ ਦਾ

ਮਨ ਫੱਕਦਾ ਫਿਰਦਾ ਹੈ ਹੁਣ ਵੀ
ਉਨ੍ਹਾਂ ਗਲੀਆਂ ਦੀ ਧੂੜ--
ਜਿਥੇ ਗੁਜ਼ਰੇ ਸਨ ਉਹ ਕਦਮ
ਚੁੱਪ-ਚਾਪ — ਪਿੱਛਾ ਕਰਦੇ ਹੋਏ-
ਜੇਠ-ਹਾੜ ਦੀ ਤਪਦੀ ਦੁਪਹਿਰੇ

ਤੂੰ ਲੰਘਦਾ ਸੈਂ ਗਲੀ ਮੇਰੀ 'ਚੋਂ-
ਚੋਰੀ-ਚੋਰੀ ਝਾਕਦਾ ਖਿੜਕੀ ਮੇਰੀ ਵੱਲ-
ਵੇਖ ਕੇ ਤੈਨੂੰ-
ਨਜ਼ਰਾਂ ਨਾਲ ਹੀ ਪੀ ਕੇ ਤੈਨੂੰ
ਖ਼ਾਬਗਾਹ 'ਚ ਆਪਣੀ, ਕਰਕੇ ਬੰਦ ਅੱਖਾਂ,
ਕਤਰਾ ਕਤਰਾ ਤੇਰੀ ਦੀਦ ਦਾ
ਉਤਾਰ ਲੈਂਦੀ ਸਾਂ ਰੂਹ ਵਿਚ!

ਦਸ ਦਰਵਾਜ਼ਿਆਂ ਦੇ ਤਸੱਵਰ ਦਾ
ਖ਼ਾਕਾ ਹੀ ਉਣਦੀ ਸਾਂ--
ਤੇ ਖੁੱਲ੍ਹ ਗਏ, ਜਦੋਂ ਦਸੇ ਦਰਵਾਜ਼ੇ,
ਨੰਗੀ ਜਿਹੀ ਖੜ੍ਹੀ, ਆਪਣੇ ਹੱਥਾਂ ਨਾਲ,
          ਬਦਨ ਕੱਜਣ ਦੀ ਕਰਦੀ ਸਾਂ ਕੋਸ਼ਿਸ਼!

ਤੇਰੇ ਤੇ ਕੁਰਬਾਨ ਹਾਂ ਅੱਜ ਵੀ
ਹਾਂ! ਤੇਰੇ ਨਾਲ ਪਿਆਰ ਹੈ ਹੁਣ ਵੀ
ਪਰ ਚੁੱਪ ਰਹਿੰਦੀ ਹਾਂ
ਜ਼ਿੰਦਗੀ ਆਪਣੀ ਖ਼ੁਦ ਦੁਸ਼ਵਾਰ ਕਰਦੀ ਸਾਂ!

ਦਰਵਾਜ਼ੇ ਦੇ ਪੇਚਾਂ-ਕਬਜ਼ਿਆਂ 'ਚ
ਪਾ ਦਿੱਤਾ ਹੈ ਤੇਲ
ਕਿ ਜਦੋਂ ਦੁਪਹਿਰੇ ਨੰਗੇ ਪੈਰੀਂ
ਜਾਵਾਂ ਤੈਨੂੰ ਵੇਖਣ

ਕਰਨ ਨਾ ਇਹ ਆਵਾਜ਼!
ਪੈਰ ਹਨ ਉਹੀ,
ਇਨ੍ਹਾਂ 'ਤੇ ਛਾਲੇ ਉੱਗਣ ਦੀ ਉਡੀਕ ਅੱਜ ਵੀ ਕਰਦੀ ਹਾਂ!
ਲੈ ਜਾ ਆਪਣੇ ਇਹ ਲਾਲੋ-ਗੌਹਰ
ਤੇ ਬੰਨ੍ਹ ਲੈ ਆਪਣੇ ਪੱਲੂ 'ਚ--

ਫ਼ਕੀਰ ਹਾਂ,
ਕਿ ਖ਼ਾਕ 'ਚ ਵੀ ਉਸ ਦਾ ਦੀਦਾਰ ਕਰਦੀ ਹਾਂ!
ਕੰਨਾਂ 'ਚ ਅੱਜ ਵੀ ਗੂੰਜਦੀ ਹੈ,
ਉਹ ਆਵਾਜ਼
ਹੌਲੀ ਹੌਲੀ ਮੇਰੇ ਮਗਰ ਆਉਣ ਦੀ!

♠♠

## ਇਕ ਝੁਰੜੀ

ਤੂੰ ਹੀ ਖੋਹਿਆ ਮੈਥੋਂ
ਮੇਰਾ ਬਚਪਨ
ਹੁਣ ਤੂੰ ਹੀ ਕਹਿੰਦਾ ਏਂ
ਇਹ ਕੁੜੀ
            ਉਮਰ ਤੋਂ ਵੱਡੀ ਦਿੱਸਦੀ ਏ!

♠♠

## ਮੁਕਾਮ ਦਾ ਮੁਹਤਾਜ

ਦਿਲੋ-ਰੂਹ ਤੋਂ ਖਿੜਦੇ ਸਨ
ਇਸ਼ਕ ਦੇ ਫੁੱਲ-ਬੂਟੇ—
ਇਕ ਖ਼ਤ ਲਿਖਿਆ ਸੀ ਉਦੋਂ
ਪਰ ਨਹੀਂ ਜਾਣਦੀ ਕਿਹਦੇ ਨਾਮ!

ਇਕ ਦਿਨ ਸਿਖਰ ਦੁਪਹਿਰੇ ਦਿੱਸਿਆ ਕੋਈ
ਖ਼ਤ ਦੇ ਮਜ਼ਮੂਨ ਵਰਗਾ-
ਤੇ ਖਿੜ ਪਏ ਅੱਖਰ ਸਾਰੇ
ਗੁਲਮੋਹਰ ਤੇ ਅਮਲਤਾਸ ਵਾਂਗ!

ਪਰ ਜਿਉਂ ਹੀ ਹੁੰਦੀ ਗਈ ਨੇੜੇ
ਮੁਰਝਾਂਦੇ ਰਹੇ ਫੁੱਲ ਹੌਲੀ-ਹੌਲੀ—
ਤੇ ਰਹਿ ਗਿਆ ਖ਼ਤ ਮੇਰੇ ਹੱਥੀਂ
ਬੇਨਾਮ—ਬੇਸਿਰਨਾਵਾਂ!

ਫਿਰ ਕੋਈ ਮਿਲਿਆ ਸਰੇ-ਰਾਹ
ਤੇ ਲੱਗਿਆ ਉਹੀ ਤਾਂ ਹੈ-
ਖ਼ਤ 'ਤੇ ਲਿਖਿਆ ਨਾਂ ਜਿਸ ਦਾ, ਸਿਰਨਾਵਾਂ ਜਿਸਦਾ!
ਤੋਰ ਦਿੱਤਾ ਖ਼ਤ ਉਸ ਵੱਲ ਹਵਾਵਾਂ ਦੀ ਡਾਕੇ-
ਪਰ ਹਵਾ ਦੇ ਅਗਲੇ ਬੁੱਲੇ ਨਾਲ ਹੀ
ਪਰਤ ਆਇਆ ਖ਼ਤ, ਬੈਰੰਗ ਜਿਹਾ!
ਅਣਪੜ੍ਹਿਆ, ਅਣਖੋਲ੍ਹਿਆ!

ਹੁਣ ਤਾਂ ਲੰਘ ਗਿਆ ਉਹ ਆਲਮ ਵੀ-
ਜਦੋਂ ਦਿਲੋ-ਰੂਪ ਤੋਂ ਖਿੜਦੇ ਸਨ
ਇਸ਼ਕ ਦੇ ਫੁੱਲ-ਬੂਟੇ!
ਖ਼ਤ ਏ ਹੱਥੀਂ ਮੇਰੇ ਅੱਜ ਵੀ
ਪਰ ਇਬਾਰਤ ਇਹਦੀ ਉਤਰ ਗਈ ਏ

ਦਿਲੋ-ਰੂਹ 'ਚ ਮੇਰੀ–
ਤੇ ਮੁਹਤਾਜ ਹੈ ਅੱਜ ਵੀ ਖ਼ਤ ਇਹ
ਆਪਣੇ ਮੁਕਾਮ ਦਾ!

♠♠

## ਮਨਫ਼ੀ ਪੈੜਾਂ

ਤੂੰ ਬੜਾ ਵੱਡਾ ਪੈਗ਼ੰਬਰ ਸੈਂ!
ਜੀਅ ਕੀਤਾ ਮੈਂ ਵੀ ਹੋ ਜਾਵਾਂ ਰਾਬੀਆ!
ਤੇਰੀਆਂ ਪੈੜਾਂ 'ਤੇ ਤੁਰਨ ਲੱਗੀ, ਸਿਰ ਝੁਕਾਅ ਕੇ
ਹਰ ਪੈੜ 'ਤੇ ਰੱਖ ਕੇ ਪੈਰ
ਡਗਮਗਾਉਂਦੀ, ਡਿੱਗਦੀ-ਉਠਦੀ—
ਜਦੋਂ ਦਿੱਸਣ ਲੱਗੀ ਮੰਜ਼ਿਲ
ਤਾਂ ਸੋਚਿਆ, ਵੇਖਾਂ ਜ਼ਰਾ ਕਿ ਕਿੰਨਾ ਕੁ ਚੱਲੀ?
ਪਿੱਛੇ ਮੁੜ ਕੇ ਵੇਖਿਆ
ਤਾਂ ਤੇਰੇ ਪੈਰਾਂ ਦਾ ਕੋਈ ਨਿਸ਼ਾਨ ਬਾਕੀ ਨਹੀਂ ਸੀ।

ਖੌਰੇ ਸਿਮਟ ਆਈਆਂ ਸਨ
ਤੇਰੀਆਂ ਪੈੜਾਂ ਮੇਰੇ ਪੈਰਾਂ 'ਚ।

ਫਿਰ ਸੋਚਿਆ, ਛੇਤੀ ਛੇਤੀ ਵਧਾਂ ਅੱਗੇ
ਤੇ ਪਾ ਲਵਾਂ ਮੰਜ਼ਿਲ ਆਪਣੀ!
ਪਰ ਤੇਰੇ ਪੈਰਾਂ ਦੇ ਨਿਸ਼ਾਨ
ਅਗਲੇ ਰਾਹਾਂ ਤੋਂ ਵੀ ਸਨ ਗ਼ਾਇਬ!

ਹੁਣ ਪਿੱਛੇ ਮੁੜਨਾ ਚਾਹਾਂ ਤਾਂ ਨਹੀਂ ਮੁੜ ਸਕਦੀ—
ਅੱਗੇ ਜਾਣਾ ਚਾਹਾਂ ਤਾਂ ਨਹੀਂ ਜਾ ਸਕਦੀ ਅੱਗੇ !
ਮੰਜ਼ਿਲ ਦਿੱਸ ਤਾਂ ਪਈ
ਪਰ ਨਹੀਂ ਮਿਲਦੀ ਕਿਤੇ
ਤੇਰੇ ਕਦਮਾਂ ਦੇ ਨਿਸ਼ਾਨ ਬਿਨਾਂ।

ਹੁਣ ਤੂੰ ਵੀ ਨਹੀਂ
ਤੇਰੀਆਂ ਪੈੜਾਂ ਵੀ ਨਹੀਂ—
ਕਿਸ ਨੂੰ ਪੁੱਛਾਂ
ਕਿ ਹੋਇਆ ਇਹ ਮਾਜਰਾ ਕੀ?

♠♠

## ਇਹ ਹਾਦਸਾ

ਹਾਦਸੇ ਤਾਂ ਦਿਲ-ਓ-ਰੂਹ ਤੋਂ, ਗੁਜ਼ਰਦੇ ਰਹੇ ਬਹੁਤ
ਪਰ ਇਹ ਇਕ ਨੰਨਾ ਜਿਹਾ ਹਾਦਸਾ
ਪਤਾ ਨਹੀਂ ਕਿਉਂ ਬੇਬਸ ਹਾਂ ਇਸ ਸਾਹਵੇਂ!
ਕਿਵੇਂ ਟੁੱਟ ਗਏ ਬੰਨ੍ਹ ਸਾਰੇ
ਜਿਨ੍ਹਾਂ ਨੂੰ ਸਮਝਦੀ ਸਾਂ
ਕਿ ਕਰ ਚੁੱਕੀ ਸਾਂ ਮਜ਼ਬੂਤ ਬੜਾ!

ਕਿਉਂ ਲੱਗਦਾ ਰਿਹਾ ਮੈਨੂੰ
ਕਿ ਮੈਂ ਤਾਂ ਹੁਣ ਰਹੀ ਹੀ ਨਹੀਂ
ਤਾਂ ਝਗੜਾ ਕਾਹਦਾ?

ਤੇਰੇ ਵਿਚਲਾ ਤੂੰ
ਮੇਰੇ ਵਿਚਲੀ ਮੈਂ
ਰਲ ਕੇ ਬਣੇ ਸਾਂ ਜੋ ਅਸੀਂ
ਇਕੱਲੀ ਰਹਿ ਗਈ ਸਾਂ ਮੈਂ
            ਇਸ ਅਸੀਂ ਵਿਚ!
ਤੂੰ ਇਸ ਵਿਚੋਂ
ਜੋ ਵਾਪਿਸ ਲੈ ਲਿਆ ਜਦ
ਨਿਮਾਣੀ ਜਿਹੀ ਰੋਂਦੀ ਤੜਪਦੀ
ਰਹਿ ਗਈ ਸਾਂ ਹਾਸੋਹੀਣੀ!

ਪਾਣੀ ਦਾ ਇਕ ਘੁੱਟ ਤੂੰ ਮੈਨੂੰ
ਪਿਆਇਆ ਤਾਂ ਜ਼ਰੂਰ ਸੀ,
ਉਨ੍ਹਾਂ ਹੀ ਲੋਕਾਂ ਨਾਲ ਖੜ੍ਹ ਕੇ
ਮੇਰਾ ਮਖੌਲ ਉਡਾਉਣ ਤੋਂ ਪਹਿਲਾਂ!
ਬਹੁਤ ਹਾਦਸੇ, ਮੇਰੇ ਦਿਲੋ-ਰੂਹ ਨੇ ਲੰਘਾ ਦਿੱਤੇ ਸਨ,
            ਆਪਣੇ ਸਿਰ ਉਤੋਂ
ਪਰ ਇਕ ਨੰਨਾ ਰਿਹਾ ਕੰਮਬਖ਼ਤ ਹਾਦਸਾ
ਕਿਉਂ ਐਨਾ ਵੱਡਾ ਹੋ ਗਿਆ!

♠♠

## ਕਸਿਆ ਕਾਸਾ

ਕਾਸਾ ਮੇਰਾ ਪੁਰਾਣਾ ਬੜਾ
ਕਾਸਾ ਮੇਰਾ ਕਾਲਾ ਬੜਾ
ਦੂਰ ਜਾਂਦਿਆ ਪਰਦੇਸੀ ਦੋਸਤਾ
ਮੇਰੀ ਗੱਲ ਸੁਣੀ ਜਾਹ
ਇਸ 'ਤੇ ਆਪਣੀ ਕਲੀ ਚਾੜ੍ਹ ਜਾ!

ਪਾਣੀ ਵੇ ਇਸ ਵਿਚ ਕਸਿਆ ਹੈ ਜਾਂਦਾ
ਉਠਦੀਆਂ ਹਮਕਾਂ, ਰੁਕਦੀਆਂ ਸਾਹਵਾਂ
ਕਾਸਾ ਖੁਰਦਾ ਜਾਂਦਾ
ਦੂਰ ਜਾਂਦਿਆ ਪਰਦੇਸੀ ਦੋਸਤਾ.....

ਕਲੀ ਜੇ ਤੈਥੋਂ ਨਹੀਂ ਚੜ੍ਹਦੀ
ਕਸਿਆ ਇਹ ਪਾਣੀ, ਜੇ ਤੂੰ ਨਹੀਂ ਰੋੜ੍ਹਨਾ
ਤਾਂ ਮੇਰੇ ਮਾਹੀ ਨੂੰ ਮੋੜ ਲਿਆ
ਨਹੀਂ ਤਾਂ ਫਿਰ ਇਸ ਗਲੀ ਵਿਚ
ਨਾ ਮੁੜ ਫੇਰਾ ਪਾ
ਦੂਰ ਜਾਂਦਿਆ ਪਰਦੇਸੀ ਦੋਸਤਾ.....

ਮਾਹੀ ਤੁਰ ਗਿਆ ਲਾ ਕੇ ਲਾਰੇ
ਹੋ ਗਏ ਸਾਡੇ ਪਾਣੀ ਖਾਰੇ
ਮੰਗ-ਮੰਗ ਵੇਖੀ ਉਹਦੀ ਦੀਦ ਦੀ ਖ਼ੈਰ
ਪਰ ਨਾ ਮੇਰੀ ਖ਼ੈਰ ਨਾ ਕਾਸੇ ਦੀ ਖ਼ੈਰ
ਦੂਰ ਜਾਂਦਿਆ ਪਰਦੇਸੀ ਦੋਸਤਾ
ਮੇਰੀ ਗੱਲ ਸੁਣੀ ਜਾਹ।

♠♠

## ਯਾਦ ਮੇਰੀ

ਚੋਰ-ਸਿਪਾਹੀ ਖੇਡਣ ਆਈ
ਯਾਦ ਮੇਰੀ ਇਕ ਬਚਪਨ ਦੀ!
ਚਿਰੋਂ ਲੁਕਾਈ ਸਾਹਮਣੇ ਆਈ
ਸਾਧ ਮੇਰੀ ਇਕ ਬਚਪਨ ਦੀ।

ਦਿਲੋਂ ਅਧੂਰੀ ਮੀਟੀਉਂ ਪੂਰੀ
ਬਾਤ ਮੇਰੀ, ਇਕ ਬਚਪਨ ਦੀ।

ਲੁਕਣ ਮਚਾਈ, ਰੋੜੀ ਪਾਈ
ਝਾਤ ਮੇਰੀ ਇਕ ਬਚਪਨ ਦੀ।

ਜੁਗਨੂੰਆਂ ਨੇ ਜਾ ਕੇ ਫੜ ਲਈ
ਰਾਤ ਮੇਰੀ ਇਕ ਬਚਪਨ ਦੀ

ਮੋਮੋ-ਠੱਗਣੀ ਤੇ ਮਰ ਜਾਣੀ
ਜ਼ਾਤ ਮੇਰੀ ਇਕ ਬਚਪਨ ਦੀ।

ਜਿੰਦ ਦਰਖ਼ਤੋਂ ਝੜ ਕੇ ਲਹਿ ਗਈ
ਪਾਤ ਮੇਰੀ ਇਕ ਬਚਪਨ ਦੀ।

ਚੋਰ-ਸਿਪਾਹੀ ਖੇਡਣ ਆਈ
ਯਾਦ ਮੇਰੀ ਇਕ ਬਚਪਨ ਦੀ।

♠♠

## ਤੇਰੀ ਤਸਵੀਰ

ਤੂੰ ਪੁੱਛਿਆ ਹੈ
ਮੈਂ ਤੇਰੀ ਤਸਵੀਰ
ਕੰਧ ਉੱਤੇ ਕਿਉਂ ਨਹੀਂ ਟੰਗਦੀ ?
ਦੋਸਤ ! ਪਿਆਰੇ ਹੋ ਬੜੇ
ਤੂੰ ਤੇ ਮੇਰਾ ਕਮਰਾ
ਜੋ ਸਾਂਭੀ ਰੱਖਦੇ ਹੋ ਵਜੂਦ ਮੇਰਾ
ਹਰ ਤੂਫ਼ਾਨ ਹਨੇਰੀ ਤੋਂ !
ਟੰਗਣ ਲਈ ਤਸਵੀਰ ਤੇਰੀ
ਗੱਡਣੀ ਪਵੇਗੀ ਕਿੱਲ ਇਕ
ਇਸ ਕਮਰੇ ਦੇ ਸੀਨੇ 'ਚ ਕਿਤੇ !

ਉਂਜ ਵੀ ਕਿਸੇ ਦੇ ਵਜੂਦ ਉਪਰ ਹਾਵੀ ਹੋਣ ਦੀ
ਆਦਤ ਤੇਰੀ ਹਾਲੇ ਭੁੱਲੀ ਨਹੀਂ ਮੈਨੂੰ !
ਜੇ ਤੂੰ ਮੇਰੇ ਕਮਰੇ 'ਤੇ ਹੋ ਗਿਆ ਹਾਵੀ
ਤੇ ਜੇ ਕਿਤੇ ਕਮਰਾ ਮੇਰਾ
ਹੋ ਗਿਆ ਇਨਕਾਰੀ
ਤੈਥੋਂ ਤੇ ਫਿਰ ਮੈਥੋਂ !
ਤਾਂ ਕੀ ਕਰਾਂਗੀ ਮੈਂ !

ਤੂੰ ਪੁੱਛਿਆ ਹੈ
ਕਿ ਮੈਂ ਤੇਰੀ ਤਸਵੀਰ
ਕਿਤਾਬ 'ਚ ਕਿਉਂ ਨਹੀਂ ਰੱਖਦੀ ?
ਦੋਸਤ ! ਰੱਖ ਤਾਂ ਜ਼ਰੂਰ ਦੇਂਦੀ
ਜੇ ਯਕੀਨ ਹੁੰਦਾ ਮੈਨੂੰ
ਕਿ ਤੂੰ ਕਿਤਾਬ ਵਿਚਲੀਆਂ ਮੂਰਤਾਂ
ਮਗਰ ਹੀ ਨਾ ਤੁਰ ਪਵੇਂਗਾ !
ਜਾਂ ਫਿਰ ਗੁਆਚ ਨਾ ਜਾਵੇਂਗਾ
ਕਿਤਾਬ ਦੇ ਅੱਖਰਾਂ 'ਚ !

ਤੂੰ ਪੁੱਛਿਆ ਹੈ
ਕਿ ਮੈਂ ਤੇਰੀ ਤਸਵੀਰ
ਮੇਜ਼ ਉੱਤੇ ਹੀ ਕਿਉਂ ਨਹੀਂ ਰੱਖ ਦੇਂਦੀ ?
ਰੱਖ ਤਾਂ ਦੇਂਦੀ ਦੋਸਤ—
ਪਰ ਤੂੰ ਤਾਂ ਹਰ ਨਿੱਕੀ-ਮੋਟੀ, ਸੋਹਣੀ-ਕੋਝੀ
ਚੀਜ਼ ਤੇ ਡੁੱਲ੍ਹ ਜਾਂਦਾ ਹੈਂ !
ਜੇ ਡੁੱਲ੍ਹ ਜਾਂਦਾ ਵਜੂਦ ਤੇਰਾ ਮੇਜ਼ ਦੇ ਉਪਰ
ਤਾਂ ਭਟਕ ਜਾਂਦੀ ਮੈਂ,
ਤੇਰੇ ਮਗਰੇ-ਮਗਰ !
ਦੋਸਤ ! ਤੂੰ ਜਿਵੇਂ ਹੈਂ ਉਵੇਂ ਹੀ ਰਹਿ
ਮੈਂ ਜਿਵੇਂ ਹਾਂ ਉਵੇਂ ਹੀ ਰਹਿੰਦੀ ਹਾਂ।

ਤੇਰਾ ਵਜੂਦ ਪਿਆਰਾ ਹੈ ਮੈਨੂੰ
ਆਪਣਾ ਵਜੂਦ ਪਿਆਰਾ ਹੈ ਮੈਨੂੰ
ਆਪਾਂ ਜਿਥੇ ਹਾਂ,
ਉਥੇ ਹੀ ਹਾਂ ਠੀਕ !
ਤੇ ਤਸਵੀਰ ?
ਤਸਵੀਰਾਂ ਦਾ ਕੀ ?

♠♠

## ਯਾਦਾਂ ਦੀ ਲੁੱਟ

ਪਿਆਰ ਦੀਆਂ ਕੁਝ ਨਿਸ਼ਾਨੀਆਂ
ਮੋਹ ਭਿੱਜੇ ਖ਼ਤੂਤ,
ਨੋਟਾਂ ਉਤੇ ਲਏ ਹੋਏ ਇਕਰਾਰਨਾਮੇ....ਆਟੋਗ੍ਰਾਫ,
ਮੇਰੀ ਵਸੀਅਤ ਅਨੁਸਾਰ
ਮੇਰੀ ਲਾਸ਼ ਉਤੇ ਪਾਣ ਵਾਲਾ ਇਕ ਲਾਲ ਸੂਟ,
ਘੜੀ ਪੁਰਾਣੀ ਇਕ,
ਤੇ ਉਸ ਵਿਚ ਰੁਕ ਕੇ ਰਹਿ ਗਏ ਕੁਝ ਪਲ—
ਹੰਭ ਗਏ ਨੇ ਸਭ ਮੇਰੀ ਤਿਜੌਰੀ 'ਚ ਪਏ।

ਅੱਖ ਖੁੱਲ੍ਹੀ ਹੈ ਅੱਜ ਅਚਾਨਕ
ਇਹ ਕੌਣ ਚੋਰ ਹੈ,
ਜੋ ਦਿਨ-ਦਿਹਾੜੇ ਲੁੱਟ ਰਿਹਾ ਹੈ
ਨਿਸ਼ਾਨੀਆਂ ਮੇਰੀਆਂ—
ਕੌਣ ਡਾਕੂ ਹੈ,
ਜੋ ਖੋਹ ਕੇ ਕੁੰਜੀ ਦਿਲ ਦੀ
ਲੁੱਟ ਰਿਹਾ ਹੈ ਇਕ ਯਾਦ ਨੂੰ।
ਪਤਾ ਹੈ ਕਿ ਜਜ਼ਬੇ ਹੋ ਚੁੱਕੇ ਨੇ ਲੋਥਾਂ
ਪਰ ਲੋਥਾਂ ਨੂੰ ਜੱਫੀ ਪਾਈ ਫਿਰਦੀ ਹਾਂ ਮੈਂ।
ਪਿਆਰ 'ਚ ਗੁੰਮੀ, ਨਹੀਂ ਰੱਖਦੀ ਹਿੰਮਤ
ਨਹੀਂ ਕਰਦੀ ਜੁੱਅਰਤ
ਇਨ੍ਹਾਂ ਲੋਥਾਂ ਨੂੰ ਦਫ਼ਨਾਣ ਦੀ।

ਕੂੜ-ਕਬਾੜਾ ਭਰ-ਭਰ ਕੇ ਅੰਦਰ
ਬਣ ਗਈ ਹਾਂ ਕੂੜੇਦਾਨ ਜਿਵੇਂ
ਨਵੀਆਂ ਕਰੂੰਬਲਾਂ ਉੱਗਣ ਤਾਂ ਕਿੱਥੋਂ ?

ਪਰ ਜਰੀ ਹੈ ਜਦੋਂ ਪਿਆਰ ਦੀ ਸੱਟ
ਜਰ ਲਵਾਂਗੀ ਹੁਣ ਯਾਦਾਂ ਦੀ ਲੁੱਟ!
ਚੋਰ ਦੀ ਚੋਰੀ ਨੇ
ਮੇਰੀ ਲੋੜ ਦਾ ਹੱਥ ਫੜ ਲਿਆ ਹੈ,
ਤੇ ਮੇਰੀ ਚੋਰੀ ਨੇ
ਉਹਦੀ ਲੋੜ ਦਾ ਹੱਥ ਘੁੱਟ ਲਿਆ ਹੈ।

♠♠

## ਮੁਕੱਦਰ ਤੇਰਾ ਮੇਰਾ

ਤੇਰੇ ਸ਼ਹਿਰ 'ਚ ਸੁਣਿਆ ਹੈ
ਰਿਸ਼ਤੇ ਬਰਫ਼ ਹੋ ਗਏ ਨੇ—
ਬੈਠੇ ਹਾਂ ਪਰ ਅਸੀਂ
ਮੁਹੱਬਤ ਦੀ ਅੱਗ
ਸੀਨੇ 'ਚ ਬਾਲ ਕੇ—

ਦੋਸਤ! ਤੇਰੇ ਸ਼ਹਿਰ ਦੀਆਂ ਬਰਫ਼ਾਂ ਦਾ
ਮੈਂ ਕਰ ਤਾਂ ਕੁਝ ਨਹੀਂ ਸਕਦੀ—
ਪਰ ਤੈਨੂੰ ਦਿਲੋਂ ਜੀ ਆਇਆਂ ਕਹਿ
ਆਪਣੇ ਖੁੱਲ੍ਹੇ ਬੂਹੇ 'ਚ
ਦੇ ਰਹੀ ਹਾਂ ਆਵਾਜ਼!

ਲੈ ਲੈ ਕੁਝ ਤਪਸ਼ ਇਸ ਦਿਲ ਵਿਚੋਂ
ਤੇ ਦੇ ਜਾ ਕੁਝ ਕਰਾਰ ਇਸ ਨੂੰ!
ਜੇ ਬਰਫ਼ਾਂ ਤੇਰਾਂ ਮੁਕੱਦਰ ਨੇ
ਤਾਂ ਭਾਂਬੜ ਵੀ ਨੇ ਮੁਕੱਦਰ ਮੇਰਾ।

♠♠

## ਭੁੱਲ

ਕੁਝ ਭੁੱਲਾਂ ਨੇ,
ਜੋ ਮੈਂ ਕੀਤੀਆਂ
ਕੁਝ ਭੁੱਲਾਂ ਨੇ,
ਜੋ ਮੈਥੋਂ ਹੋ ਗਈਆਂ
ਲੋਕਾਂ ਨੇ ਭੁਲਾ ਦਿੱਤੀਆਂ
ਕਿ ਮੈਂ ਬਹੁਤ ਭੋਲੀ ਹਾਂ।

ਪਰ ਇਹ ਭੁੱਲਾਂ,
ਮੈਨੂੰ ਨਹੀਂ ਭੁੱਲੀਆਂ—
ਗਾਹੇ-ਬਗਾਹੇ ਆ ਜਾਂਦੀਆਂ ਨੇ ਮਿਲਣ
ਯਾਦ ਦੁਆਂਦੀਆਂ ਨੇ ਉਨ੍ਹਾਂ ਲੋਕਾਂ ਦੀ,
ਧਿਆਨ ਦੁਆਂਦੀਆਂ ਨੇ
ਕਿ ਕਰਾਂ ਨਾ ਮੁੜ ਕਦੀ ਭੁੱਲਾਂ।

ਪਰ ਦੋਸਤ
ਸਿਰਫ਼ ਇਕ ਹੀ ਭੁੱਲ ਤਾਂ ਹੈ
ਜੋ ਹਰ ਵਾਰ
ਚਿਹਰੇ ਬਦਲ ਬਦਲ ਕੇ
ਜਾਂਦੀ ਹੈ ਆ।

♠♠

## ਬੰਦ ਮੁੱਠੀ

ਅੱਜ ਫਿਰ ਦੋਰਾਹੇ 'ਤੇ ਹਾਂ
ਉਸ ਦਿਨ ਵਾਂਗ।

ਵਰ੍ਹਿਆਂ ਪਹਿਲਾਂ ਇਸੇ ਜਗ੍ਹਾ
ਤੇਰਾ ਭੇਜਿਆ ਕਾਸਦ
ਬੈਠਾ ਸੀ ਮੇਰੇ ਸਾਹਵੇਂ,
ਤੇਰਾ ਸੱਦਾ ਲੈ ਕੇ।
ਡਰਦੇ ਮਾਰੇ ਖੌਰੇ,
ਮੁੱਕਰ ਗਈ ਸਾਂ ਇਕਰਾਰ ਤੋਂ
ਮੁੱਕਰ ਗਈ ਸਾਂ ਖ਼ੁਦ ਤੋਂ
ਤੇ ਨਹੀਂ ਗਈ ਮਿਲਣ ਮੈਂ ਤੈਨੂੰ--
ਭਾਵੇਂ ਉਸ ਤੋਂ ਬਾਅਦ
ਨਾ ਜੀ ਸਕੀ
ਤੇ ਨਾ ਹੀ ਮਰ ਸਕੀ ਮੈਂ!
ਡਰਦੀ ਸਾਂ,
ਮੈਂ ਜੇ ਗਈ ਤੈਨੂੰ ਮਿਲਣ
ਤਾਂ ਮੁੜ ਨਹੀਂ ਸਕਾਂਗੀ ਫਿਰ ਮੈਂ।
ਮੈਂ, ਜੋ ਪਹਿਲਾਂ ਹੀ ਛੱਡ ਚੁੱਕੀ ਸਾਂ
ਆਪਣਾ ਹੱਥ, ਤੇਰੇ ਹੱਥ ਵਿਚ--
ਤੇ ਸਾਡੇ ਹੱਥ ਪਹਿਲਾਂ ਹੀ ਸਨ ਗੁੱਝੇ ਹੋਏ।
ਪਰ ਮੇਰਾ ਹੱਥ ਉਸ ਵਕਤ
ਬੇਬਸੀ ਨਾਲ ਤਣਿਆ ਹੋਇਆ
ਬਣ ਗਿਆ ਸੀ, ਇਕ ਮੁੱਠੀ ਹੀ।
ਤੇ ਲੁਕਾ ਲਈ ਸੀ ਮੈਂ,
ਆਪਣੇ ਹੱਥ 'ਚ ਤੇਰੇ ਨਾਂ ਦੀ ਲਕੀਰ
ਸਦਾ ਲਈ,
ਸਭਨਾਂ ਤੋਂ, ਖ਼ੁਦ ਤੋਂ।
ਮੁੱਠ ਮੀਟੀ ਹੀ ਰਹੀ, ਉਸ ਤੋਂ ਬਾਅਦ ਫਿਰ।

ਜਿਸ ਦੀ ਕਿਸਮਤ 'ਚ ਆਈ ਮੈਂ
ਬੱਸ ਬੰਦ ਮੁੱਠੀ ਹੀ ਆਈ ਸੀ।
ਅਜਿਹਾ ਇਤਫ਼ਾਕ ਅੱਜ ਹੋਇਆ
ਕਿ ਤੈਨੂੰ ਚੇਤੇ ਕਰਦਿਆਂ,
ਮੈਂ ਉਸ ਜਗ੍ਹਾ ਦੇ ਠੀਕ ਸਾਹਮਣੇ ਜਾ ਬੈਠੀ
ਜਿਥੇ ਆ ਬੈਠਾ ਸੀ ਕਦੇ ਕਾਸਿਦ ਤੇਰਾ।
ਚਿਰਾਂ ਤੋਂ ਬੰਦ ਮੁੱਠੀ,
ਅਚਾਨਕ ਖੁੱਲ੍ਹ ਗਈ,
ਤੇ ਮੁੜ੍ਹਕੋ-ਮੁੜ੍ਹਕ ਹੋਏ ਹੱਥ ਵਿਚੋਂ,
ਤੇਰੇ ਨਾਂ ਦੀ ਲਕੀਰ ਨਿਕਲ ਕੇ,
ਡਬ ਡਬ ਭਰੀਆਂ ਅੱਖਾਂ ਵਿਚ
ਬਹੁਤ ਦੇਰ ਤੱਕ ਤੈਰਦੀ ਰਹੀ।

♠♠

## ਮੈਂ

ਵੇਖਣ
ਸੁਣਨ
ਸੁੰਘਣ
ਛੂਹਣ
ਭੌਂਕਣ ਤੋਂ ਇਲਾਵਾ ਵੀ
ਕੁਝ ਹਾਂ ਮੈਂ?
ਇਲਾਵਾ ਹੀ,
            ਕੁਝ ਹਾਂ ਮੈਂ!

♠♠

## ਤਸਵੀਰ ਪਿਛਲੀ ਕੰਧ

ਮੇਰੇ ਸਾਹਮਣੇ ਟੰਗੀ ਏ ਇਕ ਤਸਵੀਰ
ਹੱਥ ਅਸੀਸ ਦਾ ਉਠਿਆ ਹੋਇਆ
            ਮੁਸਕਰਾਉਂਦਾ ਚਿਹਰਾ!
ਮਾਂ ਕਹਿੰਦੀ ਏ,
            ਉਹਦੀ ਅਸੀਸ ਉਹਦੇ ਹੱਥੋਂ
            ਮੇਰੇ ਮੱਥੇ ਤੱਕ ਪਹੁੰਚਦੀ ਏ।
ਪਰ ਮਾਂ ਨਹੀਂ ਜਾਣਦੀ
ਕਿ ਇਸ ਤਸਵੀਰ ਪਿਛਲੀ ਕੰਧ ਕਿੰਨੀ ਖੋਖਲੀ—
ਇਹ ਤਸਵੀਰ ਨਹੀਂ ਬਚਾ ਸਕੇਗੀ
ਉਸ ਢਹਿੰਦੀ ਕੰਧ ਨੂੰ!
ਕੰਧ ਨਾ ਰਹੀ
ਤਾਂ ਨਹੀਂ ਰਹਿ ਸਕੇਗੀ ਫਿਰ ਤਸਵੀਰ ਵੀ।
ਮਾਂ ਨੂੰ ਵੀ ਤੇ ਮੈਨੂੰ ਵੀ,
ਲੋੜ ਹੈ
            ਉਸ ਅਸੀਮ ਭਰੇ ਹੱਥ ਦੀ!
ਢਹਿੰਦੀ ਕੰਧ ਨੂੰ ਬਚਾਵਾਂ ਕਿਵੇਂ?
ਇਸ ਜ਼ਿੰਮੇਵਾਰੀ ਨੂੰ ਨਿਭਾਵਾਂ ਕਿਵੇਂ?

♠♠

## ਨਕਾਬੋਂ ਬਾਹਰ

ਮੈਨੂੰ,
ਚਾਰ ਦੀਵਾਰੀ ਦੇ ਨਕਾਬ ਵਿਚ
ਲੁਕੀ-ਛਿਪੀ ਨੂੰ,
ਜਦੋਂ ਲੋਕਾਂ ਦੀਆਂ ਬੇਸ਼ਰਮ ਨਿਗਾਹਾਂ
ਖਾਹਮਖਾਹ ਹੀ ਨੰਗਾ ਕਰ ਜਾਂਦੀਆਂ ਸਨ
ਤਾਂ ਮੈਨੂੰ ਆਪਣੇ ਹੋਣ 'ਤੇ ਸ਼ਰਮ ਆਉਂਦੀ ਸੀ।
ਪਰ ਹੁਣ ਮੈਂ
ਇਹ ਨਕਾਬ ਵੇਚ ਦਿੱਤਾ ਹੈ
ਤੇ ਉਹਦੀ ਥਾਂ
ਨੰਗੇਜ ਦੇ ਕੱਪੜੇ ਪਹਿਨ ਲਏ ਨੇ!
ਚਾਰ ਦੀਵਾਰੀ ਛੱਡ ਕੇ
ਹੁਣ ਮੈਂ ਚੌਰਾਹੇ 'ਤੇ ਆ ਖਲੋਤੀ ਹਾਂ!
ਬਹੁਤ ਖੁਸ਼ ਹਾਂ
ਕਿ ਲੋਕ ਮੈਥੋਂ ਸ਼ਰਮਾ ਰਹੇ ਨੇ—
ਇਕ ਦੂਜੇ ਤੋਂ ਸ਼ਰਮਾ ਰਹੇ ਨੇ!
ਤੇ ਮੇਰੇ ਵੱਲ ਨਹੀਂ ਵੇਖਦੇ!

♠♠

## ਪੈਰ ਦੀ ਜੁੱਤੀ

ਮੈਂ, ਕਿਸੇ ਦੀ ਉਤਾਰੀ ਹੋਈ ਜੁੱਤੀ ਸਾਂ
ਤੂੰ ਵੀ, ਕਿਸੇ ਦੀ ਉਤਾਰੀ ਹੋਈ ਜੁੱਤੀ ਸੈਂ—
ਦੋਵੇਂ ਮਿਲੇ ਤਾਂ ਲੱਗਾ
ਕਿ ਦਰਦ ਸਾਂਝੇ ਹੋ ਗਏ!
ਮਿਲ ਕੇ ਦੋਹਾਂ ਨੇ
ਇਕ ਨਵਾਂ ਜੋੜਾ ਬਣਨ ਦੀ ਸੋਚੀ
ਤੇ ਰਸਮਾਂ ਰਿਵਾਜਾਂ ਨਾਲ
ਬਣ ਵੀ ਗਿਆ ਜੋੜਾ।
ਪਰ ਕੁਝ ਚਿਰ ਮਗਰੋਂ ਹੀ
ਤੈਨੂੰ ਦਿੱਸਣ ਲੱਗੇ ਫ਼ਰਕ—
ਤੇ ਤੂੰ ਆਖਣ ਲੱਗਾ
"ਮੈਂ ਮਰਦਾਨਾ ਜੁੱਤੀ,
ਤੂੰ ਜ਼ਨਾਨਾ ਜੁੱਤੀ,
ਜੋੜਾ ਕੈਸਾ?"
ਤੇ ਮੈਂ ਇਕ ਵਾਰੀ ਫੇਰ ਹੋ ਗਈ
ਕਿਸੇ ਦੀ ਉਤਾਰੀ ਹੋਈ ਜੁੱਤੀ।

♠♠

## ਲਿਖਤੁਮ ਸ਼ਕੁੰਤਲਾ

ਕੈਸੀ ਸ਼ਕੁੰਤਲਾ ਹਾਂ
ਜਿਹਦੀ ਅੰਗੂਠੀ ਨਹੀਂ ਗੁਆਚੀ ਕੋਈ
ਤੇ ਨਾ ਹੀ ਭੁੱਲਿਆ
ਉਹਦਾ ਦੁਸ਼ਿਅੰਤ ਉਸ ਨੂੰ।
ਸ਼ਕੁੰਤਲਾ ਹਾਂ
ਤੇ ਇਸ ਵਾਰ
ਵਿਆਹੀ ਗਈ ਦੁਸ਼ਿਅੰਤ ਨਾਲ!
ਅੰਗੂਠੀ ਗੁਆਚਣ ਤੋਂ ਪਹਿਲਾਂ ਹੀ
ਉਹਦੇ ਘਰ ਆ ਗਈ ਸਾਂ!
ਫਿਰ ਵੀ ਜਾਲ ਪਾਈ ਬੈਠੀ ਹਾਂ ਸਮੁੰਦਰ ਵਿਚ—
ਤੇ ਇਸ ਵਾਰ ਲੱਭ ਰਹੀ ਹਾਂ
ਦੁਸ਼ਿਅੰਤ ਨੂੰ!
ਦੁਸ਼ਿਅੰਤ ਵਿਚੋਂ
ਗੁਆਚ ਗਿਆ ਏ, ਦੁਸ਼ਿਅੰਤ ਹੀ!
ਤੇ ਸ਼ਕੁੰਤਲਾ ਏ ਫਿਰ ਉਡੀਕ ਵਿਚ
ਭਟਕਦੀ ਤਲਾਸ਼ ਵਿਚ!

♠♠

## ਚੁੱਪ ਰਹੋ

ਚੁੱਪ ਰਹੋ ! ਕਿ ਸ਼ਹਿਰ ਸੌਂ ਰਿਹਾ ਏ
ਮਾਸੂਮ ਜਿਹਾ - ਪਿਆਰਾ ਜਿਹਾ....
ਨਾ ਜਗਾਓ ਕਿ ਨੀਂਦਰੋਂ ਉਠ ਖਲੋਵੇਗਾ—
ਵਰ੍ਹ ਪਵੇਗਾ ਤੁਹਾਡੇ 'ਤੇ ਲੈ ਕੇ ਡਾਂਗਾਂ
ਸੁਣੇ ਬਿਨਾਂ ਤੁਹਾਡੀ ਕੋਈ ਵੀ ਗੱਲ !
ਤੇ ਜਦੋਂ ਤੁਸੀਂ ਤੜਫ਼-ਤੜਫ਼ ਕੇ
ਜ਼ਖ਼ਮੀ ਹੋ ਹੋ ਮਰਨ ਲੱਗੋਗੇ
ਤਾਂ ਪੁੱਛੇਗਾ ਸ਼ਹਿਰ....ਪਾਣੀ—
ਜਦੋਂ ਮਰ ਜਾਉਗੇ
ਤਾਂ ਹੋਵੇਗੀ ਪੂਜਾ ਤੁਹਾਡੀ—
ਤੁਹਾਡੀ ਮੌਤ ਨੂੰ ਝੂਠਿਆਂ ਕਰ
ਕਰ ਦੇਵੇਗਾ ਅਮਰ ਤੁਹਾਨੂੰ !
ਕੌਣ ਆਖੇਗਾ ਕਿ ਤੁਸੀਂ ਕਿੰਨੇ ਪੱਥਰ ਜਰੇ ?
ਕੱਲ ਜੋ ਚੁੱਕਦੇ ਸਨ ਉਂਗਲਾਂ
ਕਹਿਣਗੇ ਕਿ ਤੁਸੀਂ ਮਹਾਨ ਸੀ ਬੜੇ !
ਪੀੜ੍ਹੀ-ਦਰ-ਪੀੜ੍ਹੀ ਰਹੇਗਾ ਫ਼ਰਕ
ਹੋਣ ਤੇ ਨਾ ਹੋਣ ਦੇ ਵਿਚਾਲੇ
ਇਕ ਹਾਸ਼ੀਆ—
ਜੋ ਕਰਾਏਗਾ ਯਾਦ
ਕਿ ਚੁੱਪ ਰਹੋ !

♠♠

## ਪੂਰਾ ਅੰਬਰ

ਬੰਦ ਖਿੜਕੀਆਂ-ਦਰਵਾਜ਼ਿਆਂ ਦੀਆਂ ਝੀਥਾਂ 'ਚੋਂ
ਦਿੱਸਣ ਵਾਲਾ ਟੁਕੜਾ-ਟੁਕੜਾ ਅੰਬਰ
            ਟੁਕੜਾ-ਟੁਕੜਾ ਬਿਰਖ
ਹੁਣ ਲੁਤਫ਼ ਨਹੀਂ ਦੇ ਸਕਦੇ!
ਜਿਹਦਾ ਹੁਕਮ ਹੈ
ਤੇ ਜਿਨ੍ਹਾਂ ਨੂੰ ਹੁਕਮ ਮਿਲਿਆ ਹੈ
            ਮੇਰੇ ਲਈ
ਉਨ੍ਹਾਂ ਨੂੰ ਪੁੱਛਦੀ ਹਾਂ
ਕੌਣ ਨੇ ਉਹ?
ਅਤੇ ਮੇਰੀ ਮਰਜ਼ੀ?
ਖੂਹ 'ਚ ਪੈਣ ਉਹ ਤੇ ਉਨ੍ਹਾਂ ਦੇ ਹੁਕਮ!
ਮੇਰੀ ਜ਼ਿੰਦਗੀ 'ਚ ਮੇਰਾ ਕੁਝ ਤਾਂ ਹੋਣ ਦਿਉ
ਬਹੁਤ ਹੋ ਗਈ, ਹੁਕਮ ਦੀ ਤਾਮੀਲ!
ਬੱਸ, ਹੁਣ ਬੱਸ,
ਇੰਤਹਾਂ ਹੋ ਗਈ!
ਨਹੀਂ ਜਰੀ ਜਾਂਦੀ ਮੈਥੋਂ
ਟੁਕੜਾ-ਟੁਕੜਾ ਅੰਬਰ ਨੂੰ ਨਿਹਾਰਦੀ
ਟੁਕੜਾ-ਟੁਕੜਾ ਮੈਂ!
ਵਿਦਰੋਹ! ਖੁੱਲ੍ਹਾ ਵਿਦਰੋਹ
ਪੂਰਾ ਅੰਬਰ ਪਾਉਣ ਦਾ!
ਖ਼ੁਦ ਜ਼ਿੰਦਗੀ ਜੀਣ ਦਾ
ਬੰਧਨ, ਬੱਝੇ ਰਹਿਣ ਧਰਤੀ ਨਾਲ ਹੀ
ਨਾ ਬੱਝਣ ਮੇਰੇ ਨਾਲ
ਕਿਸੇ ਅੰਬਰ ਵਾਸਤੇ।

♠♠

## ਅੰਤਰ-ਪ੍ਰਸ਼ਨ

ਖੰਡਰ 'ਚ ਪੁੱਠੀਆਂ ਲਮਕੀਆਂ ਚਮਗਾਦੜਾਂ
ਜਦੋਂ ਮੇਰੀ ਚੀਕ ਸੁਣ ਕੇ
ਉੱਡ ਪੈਂਦੀਆਂ ਨੇ
ਤਾਂ ਮੈਂ ਖ਼ੁਦ,
ਆਪਣੀ ਚੀਕ ਤੋਂ ਉਪਜੇ
ਇਸ ਭਿਆਨਕ ਦ੍ਰਿਸ਼ ਤੋਂ
ਡਰ ਜਿਹੀ ਜਾਂਦੀ ਹਾਂ !
ਸਵਾਲ ਇਹ ਨਹੀਂ ਹੈ
ਕਿ ਮੈਂ ਡਰ ਕੇ ਚੀਕੀ
ਜਾਂ ਫਿਰ ਚੀਕ ਕੇ ਡਰ ਗਈ
ਸਵਾਲ ਇਹ ਹੈ ਕਿ
ਮੇਰੇ ਅੰਦਰ ਵੀ ਕੁਝ ਪੁੱਠਾ ਲਮਕਿਆ ਹੈ
ਜੋ ਜ਼ਰਾ ਜਿਹੀ ਬਿੜਕ ਨਾਲ ਹੀ
ਡਰ ਕੇ ਸਿੱਧਾ ਹੋ ਜਾਂਦਾ ਹੈ ?

♠♠

## ਮੋਹ-ਭੰਗ

ਪੂਰਨਮਾਸ਼ੀ ਦੀ ਰਾਤ ਨੂੰ
ਅਣਗਿਣਤ ਤਾਰੇ ਸਨ ਟਿਮਟਿਮਾਂਦੇ
ਹੱਥ ਫੜ ਕੇ ਕਿਸੇ ਪਿਆਰ ਨਾਲ ਪੁੱਛਿਆ
'ਮੇਰੇ ਹੱਥ ਬਿਨਾਂ ਤੈਨੂੰ ਇਸ ਰਾਤ ਨੂੰ
ਕਿਵੇਂ ਹੁੰਦਾ ਹੈ ਮਹਿਸੂਸ ?'
ਉਸ ਛੋਹ ਵਿਚ, ਉਨ੍ਹਾਂ ਲਫ਼ਜ਼ਾਂ ਵਿਚ
ਭਰਿਆ ਸੀ ਮੋਹ ਨਿਰਾ--
ਕਿਵੇਂ ਕਹਿ ਦੇਂਦੀ
ਕਿ 'ਤੇਰੇ ਬਿਨਾਂ
ਰਹਿੰਦੀ ਹਾਂ ਚੰਗੀ ਤਰ੍ਹਾਂ।'
ਫਰੇਬ ਕੀਤਾ ਦਿਲ ਨੇ ਮੇਰੇ
ਤੇ ਕਹਿ ਬੈਠੀ
'ਤੇਰੇ ਬਿਨਾਂ ਨਹੀਂ ਚੰਗਾ ਲੱਗਦਾ ਕੁਝ ਵੀ।'
ਹਾਸਾ ਉਠਿਆ ਇਕ ਪਿਆਰਾ ਜਿਹਾ
ਤੇ ਆਵਾਜ਼ ਉਹ ਜੁੜ ਗਈ,
ਕਿਸਮਤ 'ਚ ਮੇਰੀ
ਆਪਣੇ ਪੂਰੇ ਵਜੂਦ ਸਮੇਤ!
ਫੇਰ ਵੀ ਪੁੱਛਦੇ ਨੇ ਲੋਕ
ਕਿ ਕਿਉਂ ਐਨੀ ਹਨੇਰੀ ਏ ਕਿਸਮਤ ਮੇਰੀ ?
ਕਿਵੇਂ ਦੱਸਾਂ ਕਿ ਉਹ ਪਿਆਰ ਭਰੀ ਆਵਾਜ਼
ਤੇ ਅਪਣੱਤ ਨਾਲ ਭਰਿਆ ਉਹ ਹੱਥ
ਮੱਸਿਆ ਦਾ ਸੀ!

♠♠

## ਰੀਤ ਸੰਸਾਰੀ

ਕੋਈ ਸੁੱਤਾ ਹੋਵੇ ਤਾਂ
ਔਖਾ ਹੁੰਦਾ ਏ ਜਗਾਣਾ!
ਸਦੀਆਂ ਤੋਂ ਸੁੱਤੇ ਲੋਕਾਂ ਨੂੰ
ਜਗਾਉਣ ਦੀ ਕੋਸ਼ਿਸ਼ ਵਿਚ
ਵਾਪਰਿਆ ਇਹ ਨਾਲ ਮੇਰੇ।

ਮਹੀਨਾ ਪਹਿਲਾਂ ਕਰਾਈਸਟ ਸੀ
ਤਿੰਨ ਹਫ਼ਤੇ ਪਹਿਲਾਂ ਨਾਨਕ ਸੀ
ਦੋ ਹਫ਼ਤੇ ਪਹਿਲਾਂ ਰਾਬੀਆ ਸੀ
ਇਕ ਹਫ਼ਤਾ ਪਹਿਲਾਂ ਮੀਰਾ ਸੀ
ਹੁਣ ਸ਼ੀਰੀਨ ਹੈ!

ਪਹਿਲਾਂ ਕਿੱਲਾਂ ਨਾਲ ਠੋਕਿਆ ਕਿ ਨਾ ਜਗਾ
ਫਿਰ ਪੱਥਰ ਮਾਰੇ ਕਿ ਨਾ ਉਠਾ
ਮੂੰਹ ਬੰਦ ਕੀਤਾ ਕਿ ਸੁਪਨਿਉਂ ਨਾ ਉਠਾ
ਜ਼ਹਿਰ ਦਿੱਤਾ ਕਿ ਨੀਂਦ ਨਾ ਖੁੰਝਾ—
ਹੁਣ ਤਾਂ ਜੰਮਣੋਂ ਹੀ ਰੋਕਣ ਲੱਗ ਪਏ
ਕਿ ਜਨਮ ਹੀ ਨਾ ਲੈ!

♠♠

## ਆਰ-ਪਾਰ

ਮਿਲਦਾ ਹੈ ਕੋਈ
ਜੁੜ ਜਾਂਦਾ ਏ ਰਿਸ਼ਤਾ—
ਪਰ ਪੁੱਛਦੇ ਨੇ ਉਹ
            ਰਿਸ਼ਤੇ ਦਾ ਨਾਂ
            ਰਿਸ਼ਤੇ ਦੇ ਅਰਥ!
ਜੋੜਿਆ ਹੈ ਰਿਸ਼ਤਾ
ਤਾਂ ਪੈਣੇ ਨੇ ਲੱਭਣੇ
            ਅਰਥ ਵੀ
            ਨਾਂ ਵੀ।
ਤੁਰਦੀ ਹਾਂ ਲੱਭਣ.....
ਮੁੜਦੀ ਹਾਂ ਕੋਈ ਅਰਥ
            ਕੋਈ ਨਾਂ ਲੈ ਕੇ--
ਤਾਂ ਨਹੀਂ ਹੁੰਦਾ
ਉਹ ਰਿਸ਼ਤਾ ਕਿਤੇ!

♠♠

## ਨਾਗਫ਼ਣੀਆਂ

ਬਾਗ ਹੈ ਨਾਗਫ਼ਣੀਆਂ ਦਾ
ਹਾਂ ਖ਼ੂਬਸੂਰਤ ਨਾਗਫ਼ਣੀਆਂ ਮਾਣ ਰਹੀ !
ਪਰ ਪਤਾ ਨਹੀਂ ਕਿਵੇਂ
ਨਾਗਫ਼ਣੀਆਂ ਉਤਰਨ ਲੱਗੀਆਂ ਅੰਦਰ !
ਤੇ ਉੱਗਣ ਲੱਗੀਆਂ ਮੇਰੇ ਅੰਗ-ਅੰਗ 'ਚੋਂ !
ਆਪਣਾ ਹੀ ਕੋਈ ਅੰਗ,
ਅੰਗ ਨੂੰ ਛੂਹ ਜਾਂਦੈ
ਤੇ ਜ਼ਖ਼ਮੀ ਹੋ ਜਾਂਦੈ ਅੰਗ-ਅੰਗ !
ਦੋਸਤ ਆਉਂਦੇ ਨੇ
            ਕੰਡੇ ਚੁਗਦੇ ਨੇ
            ਸਹਿਲਾਉਂਦੇ ਨੇ
            ਤੁਰ ਜਾਂਦੇ ਨੇ !
ਤੇ ਉੱਗ ਆਉਂਦੀ ਏ
            ਇਕ ਹੋਰ ਨਾਗਫ਼ਣੀ—
ਲਹੂ-ਲੁਹਾਣ ਬੈਠੀ ਸੋਚ ਰਹੀ
ਜਦ ਤੱਕ ਨਾ ਚੁਭਣ ਅੰਗ-ਅੰਗ
ਖ਼ੂਬਸੂਰਤ ਲੱਗਦੀਆਂ ਨੇ
            ਨਾਗਫ਼ਣੀਆਂ !

♠♠

## ਥੰਜਮ ਮਨੋਰਮਾ

ਬਹੁਤ ਦਿਨਾਂ ਤੋਂ ਇਹ ਥੰਜਮ ਮਨੋਰਮਾ
ਮੇਰੇ ਦਿਲ 'ਚ ਘਰ ਕਰੀ ਬੈਠੀ ਹੈ।
ਮਰ ਚੁੱਕੀ ਮਨੋਰਮਾ
ਖੌਰੇ ਮਾਰ ਦਿੱਤੀ ਗਈ ਮਨੋਰਮਾ!
ਮਨੋਰਮਾ,
ਰਮ ਚੁੱਕੀ ਹੈ ਮਨ ਵਿਚ ਜੋ।
ਤੇ ਰਮਨ, ਇਹ ਹੈ ਮੇਰਾ ਨਾਮ
ਰਮ ਤੇ ਮਨ
ਦੋਨੋਂ ਹੀ ਤਾਂ ਹੈ ਸਨ
ਮੇਰੇ ਕੋਲ ਵੀ।
ਤਾਂ ਹੀ ਤਾਂ ਨਹੀਂ ਕਿਤੇ ਤੂੰ
ਮੇਰੇ ਮਨ ਵਿਚ ਆ ਰਮੀ?
ਦਰਦ ਵੰਡਾਵਣ ਆਈ ਹੈਂ ਤੂੰ
ਜਾਂ ਦਰਦ ਵਧਾਵਣ ਆਈ ਹੈਂ?
ਗਿਆਰਾਂ ਜੁਲਾਈ ਦੀ ਸਵੇਰ
ਤੇਰੇ ਲਈ ਕੋਈ ਸੱਜਰੀ ਸਵੇਰ ਤਾਂ ਨਹੀਂ ਸੀ,
ਇਹ ਤੇਰੀ ਜ਼ਿੰਦਗੀ ਦੀ ਰਾਤ ਦੀ
ਆਖਰੀ ਘੜੀ ਬਣ ਆਈ!
ਮਨੋਰਮਾ!
ਉਹ ਮਰਦ, ਨਪੁੰਸਕ ਜੋ ਹੁੰਦੈ
            ਜ਼ਿਹਨ ਤੋਂ, ਰੂਹ ਤੋਂ, ਦਿਲੋ-ਦਿਮਾਗ ਤੋਂ,
            ਮਰਦ ਹੋ ਜਾਂਦੈ, ਇਕ ਅੰਗ ਤੋਂ!
ਤੇ ਆਪਾਂ, ਪਾਲਤੂ ਔਰਤਾਂ ਹੀ ਤਾਂ ਹਾਂ
            ਕੋਈ ਜੰਗਲੀ ਔਰਤਾਂ ਨਹੀਂ।
ਖੇਡੀਆਂ ਜਾਂਦੀਆਂ ਹਾਂ ਅਸੀਂ,
ਦੂਜਿਆਂ ਦੇ ਹੱਥੋਂ।
ਨੱਚ ਲੈਂਦੀਆਂ ਹਾਂ ਆਪਾਂ ਕਠਪੁਤਲੀਆਂ ਵਾਂਗ,

ਅਣਦੇਖੇ ਹੱਥਾਂ ’ਚ ਫੜੇ,
ਅਣਜਾਣੇ ਧਾਗਿਆਂ ਨਾਲ!
ਤੇ ਸੋਚ ਬਹਿੰਦੀਆਂ ਹਾਂ
ਕਿ ਅਸੀਂ ਨਿਜ਼ਾਮ ਬਦਲ ਦਿਆਂਗੀਆਂ।
ਜਿਸਮ ਸਾਡੇ ਮੁਰਦਾ ਹੋ ਜਾਂਦੇ ਨੇ
ਪਰ ਕੋਈ ਵੀ ਸ਼ਰਮਸਾਰ ਨਹੀਂ ਹੁੰਦਾ।
ਆਪਣੇ ਮੁਰਦਾ ਜਿਸਮ ਤਾਂ ਸਗੋਂ
ਇਨ੍ਹਾਂ ਦੇ ਹੋਰ ਕੰਮ ਆਉਂਦੇ ਨੇ।
ਕੱਢੇ ਜਾਂਦੇ ਨੇ ਜਲੂਸ
ਗੂੰਜਦੇ ਨੇ ਨਾਹਰੇ
ਪਰ ਨਹੀਂ ਵਿਗੜਦਾ ਕਿਸੇ ਦਾ ਕੁਝ।
ਸਗੋਂ ਨਿਕਲ ਜਾਂਦਾ ਏ ਔਰਤ ਦਾ ਹੀ ਜਲੂਸ!
ਮੱਚਦੀਆਂ ਨੇ ਅੱਗਾਂ
ਪਰ ਨਹੀਂ ਸਾੜਦੀ ਅੱਗ ਕੋਈ
ਕਿਸੇ ਨਿਜ਼ਾਮ ਨੂੰ
ਸਗੋਂ ਸੇਕਦੇ ਨੇ ਰੋਟੀਆਂ
            ਕਈ ਉਸ ਉਪਰ!
ਪਰ ਮਨੋਰਮਾ!
ਔਰਤ ਦੀ ਕਹਾਣੀ
            ਸੀਤਾ ਦੀ ਹੋਵੇ ਜਾਂ ਦਰੋਪਦੀ ਦੀ—
ਮਨੋਰਮਾ ਦੀ ਹੋਵੇ ਜਾਂ ਰੰਮੀ ਦੀ,
ਬਣ ਜਾਂਦੀ ਏ ਸਵਾਲ!
ਨਹੀਂ ਮੁੱਕਣੀ ਕਹਾਣੀ ਇਕ ਬਲਾਤਕਾਰ ’ਤੇ
ਨਹੀਂ ਮੁੱਕਣੀ ਕਹਾਣੀ ਇਕ ਮੌਤ ’ਤੇ!
ਮਨੋਰਮਾ!
ਤੂੰ ਖ਼ੁਸ਼ਬੂ ਬਣ ਕੇ
ਰਮ ਗਈ ਹੈਂ ਸਾਡੇ ਮਨਾਂ ਵਿਚ।
ਜਿਸਮਾਂ ਦੀ ਯਾਤਰਾ ਤਾਂ
            ਪੂਰੀ ਹੋਣੀ ਏ ਇਕ ਦਿਨ।

ਖ਼ੁਸ਼ਬੂ ਤਾਂ ਬਣਦਾ ਏ
            ਕੋਈ ਕੋਈ ਜਿਸਮ।
ਤੇਰੇ ਦਰਦ ਤਾਂ
ਕੋਈ ਹੰਢਾ ਸਕਦਾ ਨਹੀਂ—
ਪਰ ਤੇਰੇ  ਦਰਦਾਂ ਦੀ ਖ਼ੁਸ਼ਬੂ
ਫੈਲੇਗੀ--
ਬਣ ਬਣ ਸਵਾਲ!

♠♠

## ਮੇਰਾ ਕਤਲ

ਮੇਰੇ ਕਤਲ ਵਿਚ
ਮੇਰੇ ਮਹਿਬੂਬ!
ਤੇਰਾ ਹੱਥ ਹੋਵੇ ਜਾਂ ਨਾ
ਮੈਂ ਕਤਲ ਹੋਈ
ਇਹ ਹਾਦਸਾ
ਤੇਰੇ ਮਿਲਣ ਤੋਂ ਬਾਅਦ ਦਾ ਹੈ!

♠♠

## ਇਕ ਰੇਖਾ-ਚਿੱਤਰ

ਨਾ ਬੇਬੇ ! ਤੂੰ ਕੁਝ ਨਾ ਆਖੀਂ !
ਤੇਰੇ ਮੱਥੇ ਦੀਆਂ ਸਾਢੇ ਤਿੰਨ ਤਿਊੜੀਆਂ—
ਤੇਰੀ ਅੱਖ ਵਿਚ ਉਤਰਿਆ ਮੋਤੀਆ—
ਤੇਰਿਆਂ ਕੰਨਾਂ ਵਿਚ ਲਮਕਦੀਆਂ
ਪਿੱਤਲ ਦੀਆਂ ਵਾਲੀਆਂ—
ਤੇਰਾ, ਸੁੰਗੜ ਕੇ ਲੱਕ ਤੱਕ ਆਇਆ ਝੱਗਾ—
ਤੇਰੇ ਗਿੱਟਿਆਂ ਤੋਂ ਉੱਚੀ ਤੇਰੀ ਸਲਵਾਰ—
ਤੇਰਾ ਲੀਰ-ਲੀਰ ਹੋਇਆ ਝੋਨਾ—
ਘਸ ਕੇ ਅੱਧੀ ਰਹਿ ਗਈ ਚੱਪਲ—
ਤੇਰੀ ਠੋਡੀ 'ਤੇ ਉੱਗੇ
ਚਾਰ ਕੁ ਨਿੱਕੇ ਤੇ ਮੋਟੇ ਵਾਲ—
ਤੇਰੇ ਹੱਥਾਂ ਉੱਤੇ ਨਿੱਸਰਿਆ ਨਸਾਂ ਦਾ ਜਾਲ
ਤੇ ਤੇਰੇ ਹੱਥ ਪਿਆ ਰੇਖਾਵਾਂ ਦਾ ਜਾਲ
ਕਰ ਰਹੇ ਨੇ ਬਿਆਨ
ਤੇਰੀ ਸਾਰੀ ਕਹਾਣੀ
ਤੇਰੀ ਸਾਰੀ ਯਾਤਰਾ
ਤੇਰੀ ਸਾਰੀ ਜ਼ਿੰਦਗੀ !

♠♠

## ਪਾਲਤੂ ਕੁੱਤਾ

ਮਾਲਿਕ ਨੂੰ ਪਾਲਤੂ ਕੁੱਤੇ ਉਪਰ
ਆ ਰਿਹਾ ਹੈ ਪਿਆਰ ਬਹੁਤ।
ਅੱਜ ਪਾਲਤੂ ਕੁੱਤਾ ਚੂਰੀਆਂ ਖਾ ਰਿਹਾ ਹੈ
ਤੇ ਮਾਲਿਕ ਮੌਜ ਨਾਲ ਖੁਆ ਰਿਹਾ ਹੈ।
ਕੁੱਤਾ ਪੂਛ ਹਿਲਾ ਰਿਹਾ ਹੈ
ਤੇ ਮਾਲਿਕ ਦੇ ਅੱਗੇ-ਪਿੱਛੇ ਮੰਡਰਾ ਰਿਹਾ ਹੈ
ਕੁੱਤੇ ਨੂੰ ਮੁੜ ਸੰਗਲੀ ਪਾ ਕੇ ਬੰਨ੍ਹ ਦਿੱਤਾ ਗਿਆ ਹੈ।
ਉਹਦੇ ਅੱਗੇ ਸੁੱਟ ਦਿੱਤੀ ਹੈ
ਇਕ ਨਕਲੀ ਪਲਾਸਟਿਕ ਦੀ ਹੱਡੀ।
ਕੁੱਤਾ ਖੁਸ਼ ਹੈ, ਬਹੁਤ ਖੁਸ਼!
ਅਗਲੇ ਦਿਨ ਮਾਲਿਕ ਨੂੰ ਬਹੁਤ ਗੁੱਸਾ ਆਇਆ
ਆਉਂਦਿਆਂ ਹੀ ਇਕ ਠੁੱਡਾ ਕੁੱਤੇ ਨੂੰ ਲਾਇਆ
ਕੁੱਤਾ ਕਰ ਬੈਠਾ ਸੀ ਹਾਜਤ ਲਾਨ ਵਿਚ ਹੀ,
ਜਦ ਕਿ ਪਾਇਆ ਸੀ ਉਸ
ਬਥੇਰਾ ਚੀਕ-ਚਿਹਾੜਾ, ਬਾਹਰ ਜਾਣ ਲਈ—
ਪਰ ਟੈਲੀਵੀਜ਼ਨ ਦੇ ਸ਼ੋਰ ਵਿਚ, ਕਿਸੇ ਨਾ ਸੁਣਿਆ।
ਹੁਕਮ ਹੋਇਆ ਮਾਲਿਕ ਦਾ
'ਅੱਜ ਇਹਨੂੰ ਰੋਟੀ-ਦੁੱਧ ਕੁਝ ਨਾ ਪਾਇਓ।
ਇਹਦੀ ਅਕਲ ਟਿਕਾਣੇ ਆਉਣ ਦਿਉ—
ਬਹੁਤਾ ਚਾਂਭਲ ਗਿਆ ਹੈ ਸਾਲਾ।'

ਕੁੱਤਾ ਜੀਭ ਨਾਲ ਮੂੰਹ ਚੱਟਦਾ
ਪੂਛ ਲੱਤਾਂ 'ਚ ਸਮੇਟ ਕੇ,
ਬੈਠ ਗਿਆ ਹੈ ਭੁੱਖਣ-ਭਾਣਾ।

ਕੁੱਤੇ ਨੂੰ ਨਿਹਾਰਦੀ
ਚੁੱਪ-ਚਾਪ, ਬੇਬਸ ਜਿਹੀ
ਤੁਰ ਪੈਂਦੀ ਹਾਂ ਮੈਂ ਮਾਲਿਕ ਦੇ ਪਿੱਛੇ
ਮੇਰਾ ਤੇ ਕੁੱਤੇ ਦਾ ਮਾਲਿਕ
ਇੱਕ ਜੁ ਹੋਇਆ!

♠♠

## ਅੱਯਾਸ਼ੀ

ਹਾਂ ਮੈਂ ਅੱਯਾਸ਼ ਹਾਂ
ਕਰਦੀ ਹਾਂ ਅੱਯਾਸ਼ੀ ਬੜੀ।
ਸਵੇਰੇ ਉੱਠ ਕੇ ਚਾਹ ਪੀਣ ਦੀ ਅੱਯਾਸ਼ੀ—
ਨਿਆਣਿਆਂ ਨੂੰ ਨੁਹਾ-ਧੁਆ, ਖੁਆ-ਪਿਆ ਕੇ
ਖਾਣੇ ਦੇ ਡੱਬੇ ਫੜਾ ਕੇ, ਸਕੂਲ ਤੋਰਨ ਤੋਂ ਬਾਅਦ,
ਪਤੀ ਨੂੰ ਤਿਆਰ ਕਰ
ਚਾਹ-ਰੋਟੀ ਦੇ ਕੇ ਦਫ਼ਤਰ ਤੋਰਨ ਤੋਂ ਬਾਅਦ,
ਬਾਹਰ ਬਹਿ ਕੇ,
ਦੁਰੇਡੇ ਪਹਾੜਾਂ ਤੇ ਉਚੇ ਨੀਲੇ ਅਕਾਸ਼ ਨੂੰ ਵੇਖਦਿਆਂ
ਲੱਤ ਤੇ ਲੱਤ ਧਰ ਕੇ
ਫਿਰ ਇਕ ਕੱਪ ਚਾਹ ਪੀਣ ਦੀ
ਅੱਯਾਸ਼ੀ ਲੈਂਦੀ ਹਾਂ ਕਰ ਮੈਂ!

ਫੇਰ ਨੱਠ ਭੱਜ—
ਘਰ ਨੂੰ ਘਰ ਬਨਾਉਣਾ
ਗਿੱਲੇ ਤੌਲੀਏ, ਤਿਲਕਦੇ ਗੁਸਲਖਾਨੇ
ਨਾਸ਼ਤੇ ਦੇ ਖਿੱਲਰੇ ਭਾਂਡੇ, ਮੈਲੇ ਕੱਪੜੇ
ਖਿੱਲਰੇ ਪਏ ਬਿਸਤਰੇ,
ਭੁੰਜੇ ਪਏ ਗੁੱਡੀਆਂ ਖਿਡਾਉਣੇ
ਦੁੱਧ ਤੱਤੇ ਕਰਕੇ, ਦਹੀਂ ਜਮਾਉਣੇ-ਰਿੜਕਣੇ
ਦੁਪਹਿਰ ਦੀ ਰੋਟੀ-ਟੁੱਕ
            ਨਬੇੜ ਕੇ ਸਭ ਕੁਝ--
ਬੈਠ ਕੇ ਸਕੂਨ ਨਾਲ
ਦੋ ਅੱਖਰ ਲਿਖ ਲੈਣ ਦੀ
ਕਰਦੀ ਹਾਂ ਅੱਯਾਸ਼ੀ।

ਫੇਰ ਭਾਂਡੇ ਟੀਂਡੇ, ਸ਼ਾਮ ਦਾ ਨਾਸ਼ਤਾ
ਰਾਤ ਦੀ ਰੋਟੀ,

ਆਇਆ-ਗਿਆ ਭੁਗਤਾ ਕੇ ਵੀ
ਬਚਾ ਰੱਖਦੀ ਹਾਂ ਵਕਤ
ਦੋ ਸਫ਼ੇ ਪੜ੍ਹ ਲੈਣ ਦੀ ਅੱਯਾਸ਼ੀ ਲਈ!
ਸਵੇਰ ਤੋਂ ਸ਼ਾਮ ਤੱਕ
ਰੇਲ ਬਣ ਆਪਣੀ ਜ਼ਿੰਦਗੀ 'ਚ
ਹੋ ਹੀ ਜਾਂਦੀਆਂ ਨੇ ਰੱਜ-ਰੱਜ ਅੱਯਾਸ਼ੀਆਂ,
ਕੁਝ ਮੁਸਕਰਾਣ ਦੀਆਂ
ਕੁਝ ਠਹਾਕੇ ਲਾਉਣ ਦੀਆਂ
ਮਾੜੇ-ਚੰਗੇ ਵਕਤ ਗੀਤ ਗਾਉਣ ਦੀਆਂ
ਬੇਵਜ੍ਹਾ ਹੀ ਸੀਟੀਆਂ ਵਜਾਉਣ ਦੀਆਂ।
ਹੱਕ ਨਹੀਂ ਹਨ ਮੇਰਾ,
ਇਹ ਅੱਯਾਸ਼ੀਆਂ,
ਡਰ-ਡਰ ਕੇ, ਮਰ-ਮਰ ਕੇ
ਫਿਰ ਵੀ ਕਰ ਲੈਂਦੀ ਹਾਂ
ਚੋਰੀ ਚੋਰੀ ਇਨ੍ਹਾਂ ਨੂੰ!
ਡਰਦੀ ਹਾਂ ਉਂਜ
ਪਤਾ ਨਹੀਂ ਕਦੋਂ ਕੋਈ ਕਹਿ ਦੇਵੇ,
'ਕਿ ਔਰਤ?
ਤੇ ਐਨੀ ਅੱਯਾਸ਼?'
ਹਾਂ, ਮੈਂ ਫਿਰ ਵੀ ਅੱਯਾਸ਼ ਹਾਂ
ਕਰ ਲੈਂਦੀ ਹਾਂ ਅੱਯਾਸ਼ੀ ਜ਼ਰਾ!

## ਸ਼ਾਂਤੀ ਦੇਵੀ

ਦਫ਼ਤਰੋਂ ਆਉਂਦਿਆਂ ਹੀ ਭੰਨ ਛੱਡਿਆ ਹੈ
ਸ਼ਰਵਣ ਕੁਮਾਰ ਨੇ,
ਸ਼ਾਂਤੀ ਦੇਵੀ ਨੂੰ !
ਸਹੇਲੀਆਂ ਨਾਲ ਗੱਪਾਂ ਮਾਰਦੀ
ਠਹਾਕੇ ਲਾ ਰਹੀ ਸੀ
            ਜਦ ਉਹ ਘਰ ਪਰਤਿਆ।
            ਤੇ ਬਰਸ ਪਿਆ ਉਸ ਉਪਰ :
'ਬਿਸਤਰੇ 'ਤੇ ਪਈ ਰਸਾਲੇ ਪੜ੍ਹਦੀ
ਕਦੀ ਟੈਲੀਵੀਜ਼ਨ ਦੇਖਦੀ ਹੈ—
ਕਦੇ ਟੇਪਾਂ ਲਾਉਂਦੀ ਹੈ
ਤੇ ਚਾਲੂ ਗੀਤ ਸੁਣਦੀ ਹੈ—
ਹਰ ਵਕਤ ਕਰ ਕੇ ਹਾਰ-ਸ਼ਿੰਗਾਰ
ਗਹਿਣਿਆਂ ਨਾਲ ਲੈਂਦੀ
ਮੰਗਲ-ਸੂਤਰ, ਝੁਮਕੇ,
ਮੁੰਦੀਆਂ, ਬਿਛੂਏ, ਝਾਂਜਰ, ਚੂੜੀਆਂ !
ਟੈਲੀਵੀਜ਼ਨ 'ਤੇ ਆਉਂਦੇ
ਸੀਰੀਅਲਾਂ ਵਿਚਲੀਆਂ
ਔਰਤਾਂ ਵਾਂਗ ਬਣ-ਬਣ ਬਹਿੰਦੀ,
ਕਦੇ ਰਮੋਲਾ ਸਿਕੰਦ
ਕਦੇ ਤੁਲਸੀ–ਪੰਮੀ–ਪ੍ਰੇਰਣਾ।
ਨਹੀਂ ਰਹੀ ਹੁਣ ਇਹ ਸੀਤਾ-ਸਾਵਿੱਤਰੀ
ਬਣਦੀ ਜਾਂਦੀ ਏ ਸਰੂਪਨਖ਼ਾ
ਕਰਦੀ ਏ ਕਦੀ ਮੰਥਰਾ
            ਕਦੀ ਕੈਕਈ ਵਾਂਗ।'
ਚਾਰ ਥੱਪੜਾਂ ਦੇ ਨਾਲ ਜੜ ਦੇਂਦਾ ਹੈ ਸਭ ਸੋਚਾਂ
            ਸ਼ਾਂਤੀ ਦੇਵੀ ਦੇ ਮੂੰਹ 'ਤੇ
            ਸ਼ਰਵਣ ਕੁਮਾਰ।
ਭੰਨੀ ਹੋਈ ਮਾਰ ਦੀ

ਸੋਚਦੀ ਹੈ ਸ਼ਾਂਤੀ ਦੇਵੀ—
ਘਰ ਦਾ ਹਰ ਨਿੱਕਾ-ਵੱਡਾ ਕੰਮ
ਕਰਦੀ ਹੈ ਹੱਥੀਂ ਆਪਣੇ—
ਸੁਹਾਗ ਨਿਸ਼ਾਨੀਆਂ ਨਾ ਪਾਵੇ ਤਾਂ
ਜੀਣ ਨਹੀਂ ਦੇਂਦੀ ਸੱਸ ਕਿਤੇ—
ਲੱਗਦਾ ਉਸ ਨੂੰ ਵੀ ਹੈ
ਇੰਜ ਸਜ-ਸੰਵਰ ਕੇ ਕੰਮ ਕਰਨਾ—
ਜਿਵੇਂ ਬੇੜੀਆਂ-ਹੱਥਕੜੀਆਂ ਦੇ ਨਾਲ
ਪੱਥਰ ਤੋੜ ਰਿਹਾ ਹੋਵੇ ਕੋਈ ਕੈਦੀ !
ਜਾਣਦੀ ਹੈ ਉਹ,
ਕਿੰਜ ਗੁਆਚ ਗਈ ਹੈ ਉਹ
ਇਸ ਸ਼ਿੰਗਾਰ-ਪਟਾਰੀ ਵਿਚ ਹੀ।
ਕੀ ਤਾਰਿਆ ਹੈ ਉਸ ਨੇ
ਇਨ੍ਹਾਂ ਸੁਹਾਗ-ਨਿਸ਼ਾਨੀਆਂ ਦਾ ਮੁੱਲ,
ਤੇ ਤਾਰਦੀ ਹੈ ਰੋਜ਼।

ਸਾਰੀ ਦਿਹਾੜੀ ਦੀ ਦਿਹਾੜੀਦਾਰ,
ਡਿੱਗਦੀ ਹੈ ਪੈਰੀਂ ਵਾਰ-ਵਾਰ—
ਹੰਝੂਆਂ ਦੀਆਂ ਨਦੀਆਂ
ਵਗਦੀਆਂ ਨੇ ਅੰਦਰਵਾਰ—
ਤੇ ਵੱਟ ਕੇ ਕਸੀਸ,
ਖੁੱਭ ਜਾਂਦੇ ਨੇ ਨਹੁੰ ਉਸ ਦੇ
ਆਪਣੀਆਂ ਹੀ ਹਥੇਲੀਆਂ ਵਿਚ !

ਨਹੀਂ ਵੇਖਦੀ ਉਹ ਸੀਰੀਅਲ ਕੋਈ
ਮਨ ਦੀ ਮੌਜ ਖ਼ਾਤਿਰ
ਸਗੋਂ ਲੱਭਦੀ ਹੈ ਆਪਣਾ ਆਪ
ਇਨ੍ਹਾਂ ਪਾਤਰਾਂ ਵਿਚੋਂ।

ਕੰਧਾਂ ਕੋਠੇ ਟੱਪਦੀ,
ਪਤੰਗਾਂ ਪਿੱਛੇ ਉੱਡਦੀ ਹੁੰਦੀ ਸੀ ਉਹ

ਮੁੰਡਿਆਂ ਨੂੰ ਗੁੱਲੀ-ਡੰਡੇ 'ਚ ਹਰਾਉਂਦੀ
ਬਣ ਗਈ ਹੈ ਗੁੱਲੀ ਉਹ ਆਪ!
ਕਈ ਮੁੱਲ ਤਾਰ ਕੇ ਖਰੀਦੇ 'ਮਹਿਲਾਂ' ਦੀ
ਬਣ ਗਈ ਹੈ ਕੈਦੀ,
ਚੰਬੇ ਤੋਂ ਵਿਛੜੀ ਚਿੜੀ
ਹੁਣ ਉੱਡਣ ਜੋਗੀ ਕਿਥੇ ਸੀ ਰਹੀ?
ਸੱਟਾਂ 'ਤੇ ਲਾਣ ਲਈ,
ਫਹੇ ਨਹੀਂ ਸਨ ਕਿਤੇ
ਦਿਲ ਤੇ ਰੱਖਣ ਜੋਗੇ,
ਪੱਥਰ ਹੀ ਸਨ ਬੱਸ—
ਦਰਖ਼ਤੋਂ ਝੜੇ ਪੱਤੇ ਵਾਂਗ
ਹਵਾ ਦੇ ਬੁੱਲਿਆਂ ਨਾਲ
ਇਧਰੋਂ ਉਧਰ, ਉਧਰੋਂ ਇਧਰ
ਚੁਰਮੁਰਾਂਦੀ—
ਰਹਿ ਗਈ ਸੀ ਬੱਸ
ਸ਼ਾਂਤੀ ਦੇਵੀ!

♠♠

## ਜੀ ਕਰਦੈ

ਜੀ ਕਰਦੈ ਲਾਹ ਸੁੱਟਾਂ
ਗਲੇ 'ਚੋਂ ਇਹ ਫਾਂਸੀ!
ਪੂੰਝ ਦਿਆਂ ਮੱਥੇ ਤੇ ਲੱਗੀ ਇਹ ਮੋਹਰ!
ਝਾੜ ਦਿਆਂ, ਚੀਰ 'ਚ ਪਈ ਇਹ ਧੂੜ।
ਕੱਟ ਦਿਆਂ, ਇਸ ਹੱਥਕੜੀ ਨੂੰ
ਪੈਰ 'ਚ ਪਈ, ਇਸ ਬੇੜੀ ਨੂੰ!
ਜੀ ਕਰਦੈ ਭਰ ਜਾਵਾਂ
            ਪੰਛੀਆਂ ਦੇ ਪੈਰਾਂ 'ਚ!
ਤੋੜ ਕੇ ਸਭ ਪਿੰਜਰੇ
ਸਾਰੀ ਦੀ ਸਾਰੀ ਹਵਾ ਹੋ ਜਾਵਾਂ!

♠♠

# ਸਫ਼ਰ ਔਰਤ ਦਾ

ਮੈਂ, ਔਰਤ ਹਾਂ,
ਮੈਂ ਹੀ ਬੀਜਦੀ ਹਾਂ ਨਰਮਾ ਸੁਪਨਿਆਂ ਦਾ—
ਚੁਗਦੀ ਹਾਂ ਕਪਾਹ ਕੱਚੀਆਂ ਪੱਕੀਆਂ ਹਸਰਤਾਂ ਦੀ—
ਪਿੰਜਾਉਂਦੀ ਹਾਂ ਰੂੰ ਇਸ਼ਕ ਦੀ ਰੁੱਤੇ—
ਧੋਖਿਆਂ ਦੇ ਵੇਲਣੇ 'ਚ ਵਿਲ ਕੇ
ਕੱਤਦੀ ਹਾਂ ਸੂਤ ਮੈਂ ਹੀ—
ਜਿਸਮਾਂ ਤੇ ਸ਼ਰਮ ਹੰਢਾਉਣ ਦਾ,
ਨੋਕਦਾਰ ਤਕਲੇ 'ਤੇ ਨੱਚਦਿਆਂ!
ਨਜ਼ਰਾਂ ਦੀ ਖੱਡੀ 'ਤੇ ਚੜ੍ਹੀ
ਮੈਂ ਹੀ ਉਣਦੀ ਹਾਂ ਕੱਪੜਾ
ਨੰਗੇ ਲਫ਼ਜ਼ ਲੁਕਾਉਣ ਲਈ!
ਮੈਂ ਹੀ ਰੰਗਦੀ ਹਾਂ ਫੁਲਕਾਰੀ
ਮੈਂ ਹੀ ਕੱਢਦੀ ਹਾਂ ਫੁੱਲ
ਮੋਏ ਸੁਪਨੇ ਲੁਕਾਉਣ ਲਈ
ਸੱਚ ਹੋਰ ਹੁੰਦੇ ਹੋਏ
ਕੁਝ ਹੋਰ ਦਿਖਾਉਣ ਲਈ!
ਮੈਂ ਹੀ ਲੈਂਦੀ ਹਾਂ ਸ਼ਗਨਾਂ ਦੀ ਚੁੰਨੀ
ਵਡੇਰਿਆਂ ਦੀ ਪੱਤ ਬਚਾਉਣ ਲਈ।
ਵਚਨ ਲੈਂਦੀ ਹਾਂ ਫਿਰ ਜ਼ਿੰਦਗੀ ਭਰ ਨਿਭਾਉਣ ਲਈ।
ਮੈਂ ਹੀ ਚੁੰਨੀ ਉਤੇ ਵੇਖਦੀ ਹਾਂ ਟੁੱਕ
ਫ਼ਰਜ਼ਾਂ ਦੀ ਨੁਕੀਲੀ ਵਾੜ ਦਾ,
ਸਿਉਂਦੀ ਹਾਂ ਜਿਸ ਨੂੰ ਹੰਝੂਆਂ ਦੀ ਸੂਈ ਨਾਲ।
ਮੈਂ ਹੀ ਫਿਰ ਵੇਖਦੀ ਹਾਂ
ਟੁੱਕ ਤਾਅਨੇ-ਮਿਹਣਿਆਂ ਦੀ ਕਿੱਲ ਦਾ,
ਰਫ਼ੂ ਕਰਦੀ ਹਾਂ ਜਿਸ ਨੂੰ ਮਿੱਠੜੇ ਬੋਲਾਂ ਨਾਲ।
ਚੁੰਨੀ ਤਾਰ-ਤਾਰ
ਰਫ਼ੂ ਵਾਰ-ਵਾਰ!
ਵਕਤ ਆਉਂਦਾ, ਵਕਤ ਜਾਂਦਾ ਹੈ

ਚੁੰਨੀ ਬਚਦੀ ਹੀ ਕਿੱਥੇ ਹੈ ਫਿਰ
ਰਹਿ ਜਾਂਦੀਆਂ ਸਿਰਫ਼
ਰਫ਼ੂ ਦੀਆਂ ਤਾਰਾਂ।

♠♠

## ਜ਼ਿੰਦਗੀ ਦਾ ਸੱਚ

ਜ਼ਿੰਦਗੀ—
            ਤੁਪਕਾ-ਤੁਪਕਾ, ਪਲ-ਪਲ,
            ਸਿੰਮਦੀ ਰਹੀ ਹੱਥਾਂ 'ਚੋਂ–
ਮੌਤ ਝਿਊਰੀ,
            ਬੜੇ ਸਬਰ ਨਾਲ,
            ਆਪਣਾ ਘੜਾ ਭਰਦੀ ਰਹੀ।
ਪਤਾ ਹੀ ਨਹੀਂ ਲਗਦਾ
ਕਦੋਂ ਸਿੰਮ ਜਾਂਦਾ ਹੈ ਪੂਰਾ ਪਾਤਰ!
ਜ਼ਿੰਦਗੀ ਆਪਣੀ ਬੂੰਦ-ਬੂੰਦ ਛਲਕਾ ਸੁੱਟਦੀ ਹੈ
            ਮੌਤ ਦੇ ਪਾਤਰ ਵਿਚ—
ਤੇ ਪਾਣੀ ਇਹ ਮੜ੍ਹਕ ਨਾਲ
ਨਵੀਂ ਰੌਂਅ ਵਿਚ ਤੁਰ ਪੈਂਦਾ ਹੈ,
            ਨਵੀਂ ਰਾਹ!
ਖ਼ੂਬਸੂਰਤ ਹੈ ਜ਼ਿੰਦਗੀ ਜੇ ਐਨੀ
ਤਾਂ ਮੌਤ ਨਹੀਂ ਹੋਵੇਗੀ ਕੋਝੀ;
ਜੋ ਤੁਰ ਜਾਂਦਾ ਏ
            ਪਛਾਣ ਜਾਂਦਾ ਏ
ਜੋ ਰਹਿ ਜਾਂਦੇ ਨੇ
ਉਹ ਬੱਸ ਰਹਿ ਹੀ ਜਾਂਦੇ ਨੇ।

♠♠

## ਰਿਸ਼ਤੇ ਦੀ ਖ਼ੁਸ਼ਬੂ

ਜਦੋਂ ਫੁੱਲਾਂ ਦੀ ਖ਼ੂਬਸੂਰਤ ਨਦੀ
ਪੱਤਿਆਂ ਦੇ ਕਿਨਾਰਿਆਂ ਵਿਚ
ਫ਼ਿਜ਼ਾਂ ਨੂੰ ਮਹਿਕਾਉਂਦੀ ਜਿਹੀ ਵਗ ਰਹੀ ਸੀ—
ਟਾਹਣੀਆਂ 'ਤੇ ਕੋਮਲ ਫੁੱਲ ਸਨ
ਪਾਰ ਕਰਨ ਨੂੰ ਰਿਸ਼ਤਿਆਂ ਦੇ ਫ਼ਾਸਲੇ!
ਤੂੰ ਉਸ ਵੇਲੇ, ਹਾਂ ਉਸ ਵੇਲੇ
            ਮੈਨੂੰ ਸੰਗਸਾਰ ਕੀਤਾ ਸੀ
            ਕਾਨੂੰਨ ਨਾਲ ਰਲ ਕੇ।
ਕਿਉਂਕਿ ਤੂੰ ਸੁੰਘ ਕੇ ਪਛਾਣ ਗਿਆ ਸੈਂ
ਵਫ਼ਾ ਦੇ ਰਿਸ਼ਤੇ ਦੀ ਖ਼ੁਸ਼ਬੂ—
ਤੇ ਜਾਣ ਗਿਆ ਸੈਂ
ਕਿ ਮੇਰੇ ਖ਼ਾਬਾਂ 'ਚ ਜਿਹਦਾ ਜ਼ਿਕਰ ਸੀ
ਉਹ ਤੂੰ ਨਹੀਂ ਸੈਂ।
ਤੇ ਤੂੰ, ਤੂੰ ਮੇਰਾ ਕਾਨੂੰਨੀ 'ਉਹ' ਸੈਂ!
ਇਸ ਲਈ ਤੂੰ ਸਜ਼ਾ ਦਿੱਤੀ ਮੈਨੂੰ
ਮੇਥੇ ਖ਼ਾਬਾਂ ਦੀ—
ਕਿ 'ਜੇ ਮੈਂ ਨਹੀਂ ਤਾਂ ਕੋਈ ਹੋਰ ਵੀ ਨਹੀਂ—
ਤੇਰੇ ਜਿਹੀਆਂ ਤਾਂ ਖ਼ੈਰ ਮਿਲ ਜਾਣਗੀਆਂ ਪੰਜਾਹ ਮੈਨੂੰ।'
ਪਰ ਜਾਣਦੀ ਹਾਂ ਮੈਂ
ਕਿ ਸਭ ਸੰਗਸਾਰ ਹੀ ਹੋਣਗੀਆਂ,
ਕਿਉਂਕਿ ਉਹ ਵੀ ਪਛਾਣ ਲੈਣਗੀਆਂ
ਵਫ਼ਾ ਦੇ ਰਿਸ਼ਤੇ ਦੀ ਖ਼ੁਸ਼ਬੂ
ਜਿਸ ਨੂੰ ਤੂੰ ਆਦਮ ਦੇ
            ਵਰਜਿਤ ਫਲ ਵਾਂਗ
ਲੁਕਾ ਰੱਖਿਆ ਹੈ ਕਿਤੇ ਕੋਨੇ 'ਚ!

♠♠

## ਕੋਈ ਹੋਰ

ਤੂੰ ਆਖਿਆ ਮੈਨੂੰ
'ਮੈਨੂੰ ਮਿਲਣ ਤੋਂ ਮਗਰੋਂ
ਮਨ ਨੂੰ ਗੰਢ ਮਾਰ ਲਵੀਂ।'
ਤੇ ਮੈਂ ਹਰ ਵਾਰ ਤੈਨੂੰ ਮਿਲਣ ਤੋਂ ਬਾਅਦ
ਮਨ ਨੂੰ ਗੰਢ ਮਾਰ ਲੈਂਦੀ–
ਕਿ ਤੂੰ ਮੈਨੂੰ ਇੰਝ ਯਾਦ ਨਾ ਆਵੇਂ
ਤੇ ਮੈਂ ਵਰਤਮਾਨ 'ਚ ਜੀ ਸਕਾਂ!

ਪਰ ਤੂੰ ਨਾ ਰੁਕਿਆ
ਵਹਿ ਗਿਆ-ਵਹਿੰਦੇ ਪਾਣੀ ਵਾਂਗ
ਤੇ ਕਿਰ ਗਿਆ ਹੱਥਾਂ 'ਚੋਂ ਅਚਾਨਕ!
ਹੁਣ ਜਦੋਂ ਕਿ ਤੂੰ ਨਹੀਂ ਹੈਂ
ਮਨ ਦੀ ਹਰੇਕ ਗੰਢ, ਖ਼ੁਦ-ਬ-ਖ਼ੁਦ ਖੁਲ੍ਹਦੀ ਜਾ ਰਹੀ
ਤੇਰੀ ਹਰ ਗੱਲ ਯਾਦ ਆ ਰਹੀ
ਤੇ ਮੈਂ ਅਤੀਤ ਹੋ ਗਈ ਹਾਂ।
ਵਰਤਮਾਨ ਸ਼ਾਇਦ ਮੈਂ ਗੁਆ ਚੁੱਕੀ
ਭਵਿੱਖ ਹੋ ਜਾਂਦੀ ਹਾਂ
ਕਿ ਸ਼ਾਇਦ ਤੇਰੇ ਵਰਗਾ ਕੋਈ ਹੋਰ ਆਵੇਗਾ
ਮਨ ਦੀ ਹਰੇਕ ਗੰਢ, ਸਹਿਜਤਾ ਨਾਲ ਖੋਲ੍ਹ
ਕਰ ਦੇਵੇਗਾ ਮਨ ਨੂੰ, ਗੰਢਾਂ ਤੋਂ ਮੁਕਤ!
ਫਿਰ ਸ਼ਾਇਦ ਮੈਂ ਵਰਤਮਾਨ ਹੋ ਜਾਵਾਂ!
ਪਰ ਕੀ ਉਹ ਨਾ ਆਖੇਗਾ
ਇੰਜ ਗੰਢਾਂ ਮਾਰਨ ਲਈ?
ਕੀ ਉਸ ਦੇ ਜਾਣ ਮਗਰੋਂ
ਗੰਢਾਂ ਨਹੀਂ ਖੁੱਲ੍ਹਣਗੀਆਂ?

ਨਹੀਂ ਦੋਸਤ!
ਫਿਰ ਹੋਵੇਗਾ ਇੰਜ ਹੀ
ਤੇ ਮੈਂ ਇੰਤਜ਼ਾਰ ਕਰਾਂਗੀ
ਕੋਈ ਹੋਰ
ਸ਼ਾਇਦ ਕੋਈ ਹੋਰ!

♠♠

## ਹਾਲੇ ਉਡੀਕ

ਅਸੀਂ ਪਿਆਰ ਕੀਤਾ
ਤੇ ਵਰ ਲਿਆ ਇਕ ਦੂਜੇ ਨੂੰ!
ਪਰ ਇਹ ਤਾਂ ਨਾਟਕ ਦੀ
            ਭੂਮਿਕਾ ਸੀ ਮਹਿਜ਼!
ਦ੍ਰਿਸ਼ ਬਦਲੇ ਬਥੇਰੇ!
ਤੂੰ ਤਾਂ ਸੈਂ ਨਾਇਕ ਤੇ ਨਾਇਕ ਹੀ ਰਿਹਾ।
ਤੇ ਮੈਂ, ਨਾਇਕਾ ਤੋਂ ਹੋ ਗਈ ਸਾਈਡ ਹੀਰੋਇਨ।
ਦਿਨਾਂ ਵਿਚ ਹੀ ਬਦਲ ਗਏ ਸਮੀਕਰਣ.....
ਮਾਸ਼ੂਕਾ ਤੋਂ ਹੋ ਗਈ ਮੈਂ,
ਮਹਿਜ਼ ਇਕ ਬੀਵੀ!
ਨੱਚਣ ਲੱਗੀ ਮੈਂ,
ਤੇਰੀ, ਤੇਰੇ ਘਰ ਦਿਆਂ ਦੀ ਡੁਗਡੁਗੀ ਉਪਰ ਨਾਚ!
ਤੇ ਫਿਰ ਹੌਲੀ-ਹੌਲੀ ਹੁੰਦੀ ਗਈ ਮੈਂ ਐਕਸਟਰਾ—
ਫਿਰ ਤਾਂ ਜੀਅ-ਜੀਅ ਦੇ ਇਸ਼ਾਰੇ 'ਤੇ
ਨੱਚਣ ਲੱਗੀ ਮੈਂ ਨਾਚ—
ਜਿਵੇਂ ਪੇਟ ਭਾਰ, ਬਾਂਸ 'ਤੇ ਟੰਗੀ ਨੱਟਣੀ
            ਘੁੰਮਦੀ ਗੋਲ-ਗੋਲ!
ਮੈਂ ਸਾਂ ਬੇਹੋਸ਼,
ਮਦਾਰੀ ਸੈਂ ਤੂੰ—
ਤੇ ਸਭਨਾਂ ਦੇ ਨਾਲ ਤਮਾਸ਼ਬੀਨ ਵੀ!
ਅਚਾਨਕ ਮੈਂ ਰੁਕੀ,
ਜਾਗੀ ਮੈਂ ਹੌਲੇ-ਹੌਲੇ।
            ਪਰਤੀ, ਤਾਂ ਲੱਗਾ
            ਕਿ ਕਥਾ ਤਾਂ ਬਣ ਗਈ ਸੀ ਹੋਰ ਦੀ ਹੋਰ!
ਕੀਤਾ ਸਵਾਲ
ਬਣੀ ਸ਼ਿਕਵਾ ਜ਼ਰਾ
            ਤਾਂ ਤੂੰ ਆਖਿਆ
            'ਮਦਾਰੀ ਨਚਾਏ ਤਾਂ

ਬੰਦਰੀ ਨੂੰ ਨੱਚਣਾ ਹੀ ਪੈਣੈ।'
ਨੱਟਣੀ ਦੀ ਕੀ ਔਕਾਤ ?
ਨਹੀਂ ਨੱਚਣਾ ਤਾਂ ਜਾ ਤਮਾਸ਼ੇ ਤੋਂ ਬਾਹਰ !
ਯੁਗਾਂ ਯੁਗਾਂ ਦੀ ਬੇਵਕੂਫ਼ ਮੈਂ,
ਜਾਗੀ,
ਪਰ ਪਿੰਜਰੇ ਵਿਚ ਹੀ ਤ੍ਰਭਕ ਤ੍ਰਭਕ ਜਾਂਦੀ
ਉਡੀਕ ਰਹੀ
ਆਪਣੀ ਅੰਤਿਮ ਉਡਾਣ !

♠♠

## ਕੇਹਾ ਵਰਦਾਨ

ਤੂੰ ਮੇਰੇ ਸਾਹਮਣੇ ਖੜ੍ਹਾ ਰਿਹਾ
ਮੇਰੀ ਢਾਲ ਬਣ ਕੇ,
ਤਾਂ ਕਿ ਤੱਤੜੀ 'ਵਾ ਕਿਤੇ
ਮੈਨੂੰ ਛੂਹ ਨਾ ਜਾਵੇ।
ਪਰ ਢਾਲ ਇਹ ਹੌਲੀ-ਹੌਲੀ
ਬਣ ਗਈ ਇਕ ਕੰਧ ਹੀ
ਜਿਸ ਨੇ ਰੋਕ ਦਿੱਤੇ
ਠੰਢੜੀ 'ਵਾ ਦੇ ਬੁੱਲੇ।
ਤੇ ਸੰਤਾਪੀ ਗਈ ਮੈਂ ਇੰਜ
ਵਰਦਾਨਾਂ ਦੇ ਹੱਥੋਂ।

♠♠

## ਅੱਧੇ-ਅਧੂਰੇ

ਆਂਡਾ ਛਿਲਦਿਆਂ ਛਿਲਦਿਆਂ
ਪਤਾ ਨਹੀਂ ਆਪਣੇ ਵੀ ਕਿੰਨੇ ਕੁ ਛਿਲਕੇ
ਉਤਾਰ ਲਏ ਨੇ ਮੈਂ।
ਆਪਣੇ ਹਰਿਆਲੇ ਦੇਸ਼ ਦੇ
ਪਤਾ ਨਹੀਂ ਕਿਹੜੇ ਥਲ 'ਚ
ਇਕ ਨਾ ਯਾਦ ਜਿਹੇ ਮੁਕਾਮ 'ਤੇ
ਜਦ ਜਾ ਪਹੁੰਚੇ ਸਾਂ ਆਪਾਂ
ਆਪਣੇ ਆਪਣੇ ਸੰਦਾਂ ਨਾਲ।
ਮੇਰੇ ਸੰਦ ਚਲਦੇ ਸੀ ਦਿਲ ਨਾਲ
ਤੇ ਤੇਰੇ ਸੰਦ ਚਲਦੇ ਸਨ ਦੰਦਾਂ ਨਾਲ,
ਮੇਰੀ ਸੀ ਉਸ ਜਲਸੇ ਵਿਚ
            ਆਪਣੀ ਲਿਖੀ ਭਾਵਮਈ ਕਵਿਤਾ
ਤੇ ਤੇਰੀ ਸੀ ਉਸ ਜਲਸੇ ਵਿਚ,
            ਕਿਸੇ ਦੀ ਲਿਖੀ ਹਾਸਿਆਂ ਦੀ ਸਰਿਤਾ।
ਹੋਣਾ ਕੀ ਸੀ, ਦੰਦ ਹੱਸੇ ਬੜਾ
ਤੇ ਦਿਲ ਵਲੂੰਧਰਿਆ ਗਿਆ ਵਿਚਾਰਾ
ਉਹਦਾ ਤਾਂ ਉਂਜ ਹੀ ਗਰਦਿਸ਼ 'ਚ ਰਹਿੰਦਾ ਹੈ ਸਿਤਾਰਾ।
ਜਿੱਤ ਗਿਆ ਸੈਂ ਤੂੰ
ਹਾਰ ਗਈ ਸਾਂ ਮੈਂ—
ਤੂੰ ਆਇਆ,
            ਉਹੀ ਕੀਲ ਦੇਣ ਵਾਲਾ ਹਾਸਾ ਹੱਸਿਆ
"ਅਸਲ 'ਚ ਮੇਰੇ ਹਿਸਾਬ ਨਾਲ
            ਜਿੱਤੀ ਤਾਂ ਤੂੰ ਹੀ ਹੈਂ।"
                        ਤੇ ਇਨਾਮ ਮੇਰੀ ਝੋਲੀ ਪਾ ਦਿੱਤਾ।
'ਇਹ ਪੜ੍ਹਨ-ਪੜ੍ਹਾਨ, ਸੋਚਣ-ਸਚਾਣ ਦਾ ਕੰਮ ਤਾਂ ਤੇਰਾ ਹੀ ਹੈ,
ਤੇ ਕਵਿਤਾ ਲਿਖਣ ਦਾ, ਹੱਜ ਵੀ ਤੇਰਾ ਹੀ ਹੈ
ਮੇਰਾ ਕੰਮ ਤਾਂ ਤੇਰੇ ਨਾਲ ਨਾਲ ਤੁਰਨ ਦਾ ਹੈ
ਜਿਥੇ ਤੂੰ ਜਾਣੈਂ, ਮੈਂ ਵੀ ਆਉਣਾ ਜ਼ਰੂਰ ਹੈ

ਤੇ ਇੰਝ ਮੈਂ ਤੈਨੂੰ ਸਤਾਉਣਾ ਜ਼ਰੂਰ ਹੈ।'
ਤੂੰ ਹੱਸਿਆ ਮੀਸਣਾ ਜਿਹਾ
ਤੇ ਮੈਂ ਹੱਸੀ ਫਿੱਕੀ ਜਿਹੀ।
ਸਿਰਫ਼ ਇਸ ਲਈ ਕਿ ਕੀ ਤੂੰ ਸੱਚਮੁੱਚ
ਮੁਸ਼ਾਇਰਿਆਂ ਨੂੰ ਆਪਣੀ ਜ਼ਿਆਰਤ ਬਣਾ ਲਿਆ ਸੀ ?
'ਤੇਰੀ ਮੇਰੀ ਕਵਿਤਾ ਕਿਸ ਮੁਕਾਮ 'ਤੇ ਪਹੁੰਚੀ।'
ਇਹ ਮੇਰੇ ਦੋਸਤ ਕਦੇ ਵੀ ਨਾ ਪੁੱਛਦੇ,
ਜੇ ਹੋਣੀ ਦਾ ਇਸ਼ਾਰਾ ਸਮਝਦੇ ਹੁੰਦੇ !
ਤਾਂ ਜਿਹੜੀ ਕਿਤਾਬ ਤੂੰ,
ਇਨਾਮ ਵਾਲੀ, ਮੇਰੀ ਝੋਲੀ ਪਾਈ ਸੀ,
ਉਹਦਾ ਨਾਂ ਵੇਖ ਕੇ ਹੀ ਚੁੱਪ ਹੋ ਬਹਿੰਦੇ
ਕਿਤਾਬ ਸੀ ਮੋਹਨ ਰਾਕੇਸ਼ ਦੀ
"ਆਧੇ-ਅਧੂਰੇ !"
ਚੰਦਰਿਆ !
ਆਪਾਂ ਵੀ ਨਾ ਹੋਏ ਕਦੇ ਪੂਰੇ—
ਨਾ ਤੂੰ ਕਦੇ ਸਾਬਿਤ ਹੋਇਆ
ਤੇ ਨਾ ਕਦੇ ਮੈਂ ਹੋਈ ਪੂਰੀ !

♠♠

## ਔਰਤ ਜ਼ਾਤ

ਹਾਂ ਮੈਂ ਔਰਤ ਜ਼ਾਤ!
ਰਹੀ ਹਾਂ ਬਚਪਨ 'ਚ , ਪਿਉ ਦੀ ਲੱਤ ਥੱਲੇ—
ਜਵਾਨੀ 'ਚ, ਭਰਾ ਦੇ ਹੱਥ ਥੱਲੇ—
ਫਿਰ ਪਤੀ ਦੀ ਛੱਤ ਥੱਲੇ।
ਕਹਿੰਦੇ ਸਨ ਉਹ
ਕਿ ਔਰਤ ਦੱਬੀ-ਘੁੱਟੀ ਰਹੇ
ਤਾਂ ਰਹਿੰਦੀ ਏ ਚੰਗੀ.....
ਨਹੀਂ ਤਾਂ ਹੋ ਜਾਂਦੀ ਏ ਬਦਜ਼ਾਤ
ਬਣ ਜਾਂਦੀ ਏ ਸੱਪਣੀ।
ਕਾਬੂ ਕਰ ਸਕਦਾ ਏ ਉਸ ਨੂੰ
ਕੋਈ ਮਰਦ ਹੀ
ਨਹੀਂ ਤਾਂ....
ਤਾਹੀਉਂ ਵੇਖੀ ਮੈਂ ਦੁਨੀਆਂ
ਪਿਉ ਦੀ ਲੱਤ ਥੱਲੋਂ
ਭਰਾ ਦੇ ਹੱਥ ਥੱਲੋਂ
ਲੈਂਦੀ ਹਾਂ ਦੱਬੇ-ਘੁੱਟੇ ਗਿਣਵੇਂ ਜਿਹੇ ਸਾਹ
ਪਤੀ ਦੀ ਛੱਤ ਥੱਲੋਂ!
ਜੀਅ ਕਰਦਾ ਏ ਪਰ ਕਈ ਵਾਰ
ਕਿ ਇਸ ਤੋਂ ਪਹਿਲਾਂ
ਕਿ ਰਹਿ ਜਾਵੇ ਕਿਤੇ ਅੰਦਰ, ਅੰਦਰਲਾ
ਤੇ ਬਾਹਰ, ਬਾਹਰਲਾ ਸਾਹ—
ਨਿਕਲ ਆਵਾਂ ਬਾਹਰ
ਲਵਾਂ ਮੈਂ ਖੁੱਲ੍ਹ ਕੇ ਸਾਹ
ਵੇਖਾਂ ਆਪਣੀ ਨਜ਼ਰ ਨਾਲ
ਉੱਡਾਂ ਖੁੱਲ੍ਹੇ ਅਸਮਾਨੀਂ.....
ਪਰ ਡਰਦੀ ਹਾਂ,
ਕੀ ਸੋਚੇਗਾ ਬਾਪ
ਕੀ ਸੋਚੇਗਾ ਭਰਾ

ਕੀ ਸੋਚੇਗਾ ਪਤੀ
ਕੀ ਸੋਚੇਗੀ ਦੁਨੀਆਂ
ਕਿ ਹਾਂ ਮੈਂ ਬੇਹੱਯਾ।
ਕਿੰਞ ਸਹਿਣਗੇ ਉਹ
ਬੇਮੁਰੱਵਤੀ ਮੇਰੀ
ਬਦਨਾਮੀ ਦਾ ਜ਼ਹਿਰ
ਲੋਕਾਂ ਦੀਆਂ ਗੱਲਾਂ ਦਾ ਕਹਿਰ!
ਹਾਂ ਮੈਂ ਔਰਤ ਜ਼ਾਤ!
ਜਿਊਂਦੀ ਹਾਂ ਡਰਦੀ-ਡਰਦੀ—
ਜਿਊਂਦੀ ਹਾਂ ਮਰਦੀ-ਮਰਦੀ
ਹਾਂ ਮੈਂ ਔਰਤ ਜ਼ਾਤ!

♠♠

ਮੇਰੇ ਦਿਨਾਂ ਦੀ ਖ਼ੈਰ ਨਹੀਂ—
ਮੇਰੀਆਂ ਰਾਤਾਂ ਦੀ ਖ਼ਬਰ ਨਹੀਂ—
ਮੇਰੀ ਰੂਹ ਦੀ ਕਬਰ ਮੇਰੇ ਜਿਸਮ ਵਿਚ ਹੈ
ਇਸ ਜਿਸਮ ਦੀ ਹਾਲੇ ਪਰ ਕਬਰ ਨਹੀਂ!

♠♠

## ਮੇਰੀ ਲੋਚਾ

ਜਦ ਮੈਂ ਛੋਟੀ ਸਾਂ
ਤਦ ਮੈਂ ਵੱਡੀ ਹੋਣਾ ਲੋਚਦੀ ਸਾਂ।
ਆਪਣੀ ਮਾਂ ਦੀਆਂ ਸੁੱਟ ਦਿੱਤੀਆਂ ਪੋਣੀਆਂ ਨੂੰ
ਰੂੰ ਭਰ-ਭਰ ਕੇ,
ਆਪਣੀ ਛਾਤੀਆਂ ਨੂੰ ਬੰਨ੍ਹ ਕੇ ਵੇਖਦੀ ਸਾਂ
ਕਿ ਹਾਲੇ ਹੋਰ ਕਿੰਨਾ ਕੁ ਚਿਰ ਹੈ
          ਮੇਰੇ ਵੱਡੇ ਹੋਣ ਵਿਚ।
ਕਿੰਨੀ ਭੋਲੀ ਸਾਂ ਕਿ ਸੋਚਦੀ ਸਾਂ
ਮੇਰਿਆਂ ਸਭ ਦੁੱਖਾਂ ਦਾ ਅੰਤ
ਵੱਡੀ ਹੋ ਜਾਣ ਨਾਲ
ਆਪ ਹੀ ਹੋ ਜਾਣਾ ਹੈ।
ਪੜੋਸੀਆਂ ਦੀ ਬਾਗ ਵਾਲੀ ਬੇਬੇ ਜੀ
ਜਦ ਗੋਹੇ ਨਾਲ ਭਰਿਆ ਤਸਲਾ
ਚੁਕਾਉਣ ਵੇਲੇ ਅਸ਼ੀਰਵਾਦ ਦੇਂਦੀ ਸੀ
"ਜਾ ਤੈਨੂੰ ਰੱਬ ਇੰਦਰਾ ਗਾਂਧੀ ਦੀ ਕੁਰਸੀ ਦੇਵੇ।"
ਤਾਂ ਮੈਨੂੰ ਲੱਗਦਾ ਸੀ
ਕਿ ਬੱਸ ਜ਼ਰਾ ਵੱਡਾ ਹੀ ਹੋਣਾ ਹੈ—
ਕੁਰਸੀ ਤਾਂ ਆਪ ਹੀ ਇੰਦਰਾ ਜੀ ਨੇ
ਮੇਰੇ ਲਈ ਖਾਲੀ ਕਰ ਦੇਣੀ ਹੈ।
ਪਰ ਜਦ ਰੱਬ ਨੇ ਬਾਰੂਦ ਨਾਲ ਲੈੱਸ
ਛਾਤੀਆਂ 'ਚ ਜਵਾਲਾਮੁਖੀ ਭਰ ਦਿੱਤੇ
ਤਾਂ ਘਾਬਰ ਗਈ ਸਾਂ,
ਤੇ ਜਦ ਇੰਦਰਾ ਗਾਂਧੀ ਦੀ
ਕੁਰਸੀ ਹੀ ਖਾਲੀ ਹੋ ਗਈ ਸੀ
ਤਾਂ ਡਰ ਗਈ ਸਾਂ।
ਮਨ ਮੇਰਾ ਹੁਣ
ਛੋਟਾ ਹੋ ਜਾਣਾ ਲੋਚਦਾ ਹੈ—
ਜਿਥੇ ਉਮੀਦਾਂ ਦੇ ਸਹਾਰੇ ਜ਼ਿੰਦਗੀ ਬਿਤਾਉਣੀ

ਕਿੰਨੀ ਮਜ਼ੇਦਾਰ ਹੁੰਦੀ ਹੈ।
ਸੱਚ ਦੇ ਕਾਲੇ ਸਾਏ ਤਾਂ
ਸੁਪਨਮਈ ਸਤਰੰਗੀ ਸੰਸਾਰ ਨੂੰ
ਯਮ ਵਾਂਗ ਚੰਬੜਦੇ
ਕੁਛੜ ਚੁੱਕ ਨੱਠ ਜਾਂਦੇ ਨੇ।
ਹੁਣ ਨਾ ਮੈਂ ਛੋਟੀ ਤੇ ਨਾ ਹੀ ਵੱਡੀ
ਕੁਝ ਵੀ ਹੋਣਾ ਨਹੀਂ ਲੋਚਦੀ
ਤੇ ਕਦੇ ਕਦੇ,
ਸਿਰਫ਼ ਹੋ ਜਾਣਾ ਲੋਚਦੀ ਹਾਂ!

♠♠

ਜਿਸਮਾਂ ਦੀ ਰਹੀ ਹੋਣੀ ਕਦੇ
ਹੁਣ ਰੂਹਾਂ ਦੀ ਵੀ ਚਾਹ ਨਹੀਂ
ਕਿਉਂ ਕਰ ਕੋਈ ਸਮਝੇ ਮੈਨੂੰ
ਜੇ ਮੇਰੀ ਕੋਈ ਥਾਹ ਨਹੀਂ!

♠♠

## ਜੰਡ ਦੇ ਹੇਠ

ਮਿਰਜ਼ਾ ਮੇਰਾ ਸੁੱਤਾ
ਰਹਿ ਗਿਆ ਸੁੱਤਾ
ਜੰਡ ਦੇ ਹੇਠ।
ਇਸ ਵਾਰ ਤਾਂ ਮੈਂ
ਤਰਕਸ਼ ਵੀ ਨਾ ਟੰਗਿਆ ਜੰਡ
ਮਿਰਜ਼ਾ ਰਿਹਾ ਪਰ ਸੁੱਤਾ, ਜੰਡ ਦੇ ਹੇਠ।

ਅਸੀਂ ਇਕ ਅੰਮੜੀ ਦੇ ਜਾਏ
ਵੈਰੀ ਹੋਏ ਮੇਰੇ ਹਮਸਾਏ
ਸੁੱਤੇ ਨੂੰ ਮਾਰ ਤੁਰੇ, ਜੰਡੇ ਦੇ ਹੇਠ।
ਪੁੱਤ ਜੱਟਾਂ ਦੇ, ਵੀਰ ਮੇਰੇ
ਛੱਡ ਗਏ, ਰੋਂਦੀ ਭੈਣ, ਜੰਡ ਦੇ ਹੇਠ।
ਵੀਰ ਮੇਰੇ, ਮੇਰੇ ਵੈਰੀ ਹੋਏ
ਵੀਰ ਉਹਦੇ, ਮੇਰੇ ਵੈਰੀ ਹੋਏ
ਮੈਂ ਮਿਰਜ਼ੇ ਦੀ ਵਿਧਵਾ
ਕੁੱਖ 'ਚ ਲੈ ਕੇ ਬੀਜ ਉਸਦਾ
            ਖੜ੍ਹੀ ਜੰਡ ਦੇ ਹੇਠ।
ਇਸ ਬੀਜ ਨੂੰ ਸਾਂਭੀ ਬੈਠੀ
ਇਸ਼ਕ-ਨਿਸ਼ਾਨੀ ਸਾਂਭੀ ਬੈਠੀ
ਖੌਰੇ ਬਣ ਜਾਏ ਦੂਤ ਸ਼ਾਂਤੀ ਦਾ
ਪਈ ਉਡੀਕਾਂ ਇਸ ਦੀ ਆਮਦ
            ਖੜ੍ਹੀ ਜੰਡ ਦੇ ਹੇਠ।
ਜੰਮਾਂਗੀ ਮੈਂ ਇਸ਼ਕ-ਨਿਸ਼ਾਨੀ
ਖੌਰੇ ਮਾਮੇ ਮੋੜ ਲਿਆਵੇ
ਖੌਰੇ ਚਾਚੇ ਮੋੜ ਲਿਆਵੇ
ਖੌਰੇ ਮਿਰਜ਼ਾ ਮੋੜ ਲਿਆਵੇ
ਮੁੜ ਨਾ ਰੋਵੇ ਕੋਈ ਸਾਹਿਬਾਂ
            ਕਿਸੇ ਜੰਡ ਦੇ ਹੇਠ!

♠♠

## ਦਸਰਾਹੇ ’ਤੇ

ਖੜ੍ਹੀ ਹਾਂ ਇਕ ਦਸਰਾਹੇ ’ਤੇ !
ਦਸਾਂ ਰਾਹਾਂ ਦੀ ਭੀੜ
ਆ ਜੁੜੀ ਸੀ ਦੁਆਲੇ ਮੇਰੇ !
ਕੋਈ ਲਿਆਇਆ ਸੀ ਸੂਲੀ
ਕੋਈ ਪਿਆਲਾ ਜ਼ਹਿਰ ਦਾ
ਕਿਸੇ ਕੋਲ ਸੱਪ ਦੀ ਪਟਾਰੀ ਸੀ
ਕਿਸੇ ਕੋਲ ਸੀ ਕਾਲ-ਕੋਠੜੀ !
ਬੇੜੀਆਂ ਸਨ, ਪੱਥਰ ਸਨ
ਉਹ ਸਨ....
ਤੇ ਮੈਂ ਸਾਂ !
ਕਚਹਿਰੀ ਲੱਗੀ
            ਪਰ ਕਾਹਦੀ ਕਚਹਿਰੀ ?
ਜ਼ਿਰ੍ਹਾ ਸ਼ੁਰੂ ਹੋਈ
            ਪਰ ਕਾਹਦੀ ਜ਼ਿਰ੍ਹਾ ?
ਸੱਚ ਦੀ ਸਹੁੰ ਖੁਆ ਕੇ ਮੈਨੂੰ
ਪੁੱਛਿਆ ਉਨ੍ਹਾਂ ‘ਕੀ ਨਾਂ ਹੈ ਤੇਰਾ ?’
ਮੈਂ ਆਖਿਆ—
            ਸੁਕਰਾਤ ਦੀ ਧੀ ਹਾਂ !
ਜ਼ਹਿਰ ਦਾ ਪਿਆਲਾ ਚੁੱਕਿਆ ਉਨ੍ਹਾਂ
            ਤੇ ਮੈਨੂੰ ਪਿਆ ਦਿੱਤਾ !
ਫਿਰ ਪੁੱਛਿਆ ‘ਕੀ ਨਾਂ ਹੈ ਤੇਰਾ ?’
ਮੈਂ ਆਖਿਆ—
            ਮੀਰਾ ਦੀ ਧੀ ਹਾਂ !
ਉਨ੍ਹਾਂ ਫਿਰ ਭਰਿਆ ਪਿਆਲਾ ਜ਼ਹਿਰ ਦਾ
            ਤੇ ਮੈਨੂੰ ਫੜਾ ਦਿੱਤਾ।
ਫਿਰ ਪੁੱਛਿਆ ‘ਕੀ ਨਾਂ ਹੈ ਤੇਰਾ ?’
ਮੈਂ ਆਖਿਆ—
            ਜੀਸਸ ਦੀ ਮਾਂ ਹਾਂ।
ਤੇ ਸੂਲੀ ਚੜ੍ਹਾ ਦਿੱਤਾ ਉਨ੍ਹਾਂ ਮੈਨੂੰ।

ਫਿਰ ਪੁੱਛਿਆ 'ਕੀ ਨਾਂ ਹੈ ਤੇਰਾ ?'
ਮੈਂ ਆਖਿਆ—
ਭੈਣ ਹਾਂ ਸਾਰਾ ਦੀ !
ਤੇ ਉਨ੍ਹਾਂ ਮੈਨੂੰ ਕਾਰਾਵਾਸ 'ਚ ਪਾ ਦਿੱਤਾ !
ਫਿਰ ਪੁੱਛਿਆ ਕਿਸੇ ਅੱਕ ਕੇ
'ਆਖ਼ਿਰ ਹੈਂ ਕੌਣ ਤੂੰ ?'
ਮੈਂ ਪੁੱਛਿਆ, ਨਹੀਂ ਜਾਣਦੇ ?
ਯੁੱਗਾਂ ਯੁੱਗਾਂ ਤੋਂ ਤੁਸੀਂ ਪੁੱਛਦੇ ਹੋ ਸਵਾਲ
ਪਰ ਨਹੀਂ ਸੁਣਦੇ ਕੋਈ ਜਵਾਬ !
ਆਪਣੀ ਮੈਂ ਨੂੰ ਸਲਾਹੁਣ ਲਈ
ਇਹੀ ਕੁਝ ਕਰਦੇ ਆਏ ਹੋ !
ਤੇ ਆਪਣੀ ਮੈਂ ਨੂੰ ਲੱਭਦੀ
ਇੰਜ ਹੀ ਮੈਂ ਵੀ
ਮਰਦੀ ਆਈ ਹਾਂ
ਜੰਮਦੀ ਆਈ ਹਾਂ
ਮਰਦੀ ਆਈ ਹਾਂ !

♠♠

## ਲੁਕਣ-ਮੀਟੀ

ਮੇਰੇ ਬਾਲ ਮਨ ਵਿਚ,
ਖਿਡੌਣਿਆਂ ਵਾਲੀ ਉਮਰੇ,
ਮਸਤੀ ਵਾਲੀ ਰੁੱਤੇ,
ਰੁੱਸੀਆਂ ਕਈ ਰੀਝਾਂ
ਆਪਣੇ ਆਪਣੇ ਉਲਾਂਭੇ ਲੈ ਕੇ।
ਮੇਰੇ ਵੱਲ ਪਿੱਠ ਮੋੜੀ
ਮੂੰਹ ਵਿਚ ਅੰਗੂਠਾ,
ਤੇ ਅੱਖਾਂ ਵਿਚ ਤਰਲਾ ਲੈ ਕੇ,
ਇੰਤਜ਼ਾਰ ਕਰ ਰਹੀਆਂ ਨੇ,
ਆਪਣੀ ਮਨਾਉਣ ਦੀ ਵਾਰੀ ਦਾ।
ਇਕ ਲੱਤ ਉੱਤੇ ਖੜ੍ਹੀਆਂ
ਦੂਜੀ ਲੱਤ ਉੱਤੇ ਭਾਰ ਪਾਉਂਦੀਆਂ
ਕਦੇ ਕਦੇ ਦੁਨੀਆਂ ਵੱਲ ਵੇਂਹਦੀਆਂ—
ਇਕ ਲੱਤ ਨਾਲ ਪਲੋਸ ਲੈਂਦੀਆਂ ਨੇ
ਕਦੇ ਦੂਜੀ ਲੱਤ ਨੂੰ।

ਬੰਦ ਕਰ ਲੈਂਦੀ ਹਾਂ, ਕਦੀ ਅੱਖਾਂ ਮੈਂ ਉਨ੍ਹਾਂ ਤੋਂ।
ਲੱਭਣ ਲੱਗਾ ਤਾਂ,
ਰੁੱਸ ਰੁੱਸ ਬਹਿੰਦੀਆਂ ਨੇ ਕਦੀ ਉਹ ਮੈਥੋਂ।
ਇਕ ਖੇਡ, ਖੇਡ ਰਹੇ ਹਾਂ
ਅਸੀਂ ਇਕ ਦੂਜੇ ਨਾਲ।
ਕਦੇ ਮੇਰੀ ਮੀਟੀ, ਕਦੀ ਉਨ੍ਹਾਂ ਦੀ ਮੀਟੀ।

ਜ਼ਿੰਦਗੀ ਤਾਂ ਖੇਡਦੀ ਹੀ ਹੈ ਸਦਾ
ਮੇਰੇ ਨਾਲ ਲੁਕਣ-ਮੀਟੀ।
ਤੇ ਆਪਣੀ ਹੀ ਹੋਂਦ ਦੀਆਂ
ਇਨ੍ਹਾਂ ਕਾਤਰਾਂ ਨਾਲ
ਖੇਡਦੀ ਹਾਂ ਮੈਂ ਵੀ ਤਾਂ
ਬੱਸ ਲੁਕਣ-ਮੀਟੀ!

♠♠

## ਆਪਣੇ ਹਿੱਸੇ ਦਾ ਸੱਚ

ਮੱਥੇ ਵਿਚ ਉੱਗੀ
ਅੱਗ ਦੀ ਲਕੀਰ—
ਜਦੋਂ ਕਿਸੇ ਦੀ ਸੋਚ ਦੇ ਚਿਮਟੇ ਦੇ
ਮੇਚ ਨਹੀਂ ਆਉਂਦੀ—
ਤਾਂ ਖ਼ਤਮ ਕਰ ਸੁੱਟਦੀ ਹੈ 'ਮੈਂ' ਨੂੰ
ਮੱਥਾ ਭੰਨ ਕੇ,
ਤੇ ਜਾਂ ਸਾੜ ਕੇ ਮੱਥਾ
ਬਣ ਜਾਂਦੀ ਹੈ ਲਾਟ
'ਮੈਂ' ਨੂੰ ਸਭਨਾਂ ਨਾਲ ਰਲਾ ਕੇ।
ਜਿਸਮ ਤੋਂ ਰੂਹ ਤੱਕ ਯਾਤਰਾ ਕਰਦਿਆਂ
ਪਾ ਲਿਆ ਜੋ ਸੱਚ—
ਉਹ ਫਿਰ ਸੱਚ ਨਹੀਂ ਰਹਿੰਦਾ
ਖੋਜ ਕੇ ਲੱਭਿਆ ਸੱਚ,
ਹੋ ਜਾਂਦਾ ਹੈ ਸੱਚ ਦਾ ਹਿੱਸਾ—
ਨਹੀਂ ਰਹਿੰਦਾ ਫਿਰ ਉਹ
ਆਪਣੇ ਹਿੱਸੇ ਦਾ ਸੱਚ!
ਆਪਣੇ ਹਿੱਸੇ ਦਾ ਸੱਚ ਤਾਂ
ਜਿਸਮ ਵਿਚ ਰਹਿ ਕੇ ਹੀ
ਆਪਣੇ ਹਿੱਸੇ ਆਉਂਦਾ ਹੈ।
ਆਪਣੇ ਹਿੱਸੇ ਦਾ ਸੱਚ ਤਾਂ ਹੁੰਦਾ ਹੈ
ਇਕ ਲਾਟ ਬਣ ਕੇ ਮੱਚਣ ਦਾ ਸੱਚ!

♠♠

## ਜਿਸਮਾਂ ਤੋਂ ਪਾਰ

ਜਿਸਮ ਜਿਸਮਾਂ ਦੇ ਪਤੇ ਪੁੱਛਦੇ ਨੇ—
ਜਿਸਮ ਜਿਸਮਾਂ ਦੇ ਪਤੇ ਲੱਭਦੇ ਨੇ—
ਜਿਸਮ ਜੇਕਰ ਗੁੰਮ ਜਾਂਦੇ ਨੇ
ਤਦ ਕੌਣ ਉਨ੍ਹਾਂ ਦੇ ਪਤੇ ਲੱਭੇਗਾ!
ਜਿਸਮ ਜੇਕਰ ਸੁੱਕ ਜਾਂਦੇ ਨੇ
ਤਦ ਕੌਣ ਉਨ੍ਹਾਂ ਦੇ ਪਤੇ ਜਾਣੇਗਾ।
ਜਿਸਮ ਤੋਂ ਉੱਪਰ ਉਠ ਨਾ ਜਾਈਏ?
ਜਿਸਮਾਂ ਤੋਂ ਉੱਪਰ ਜਾ ਕੁਝ ਪਾਈਏ?
ਜਿਸਮ ਤਾਂ ਆਖਿਰ ਖੋਣੇ ਹੀ ਨੇ
ਜਿਸਮ ਤਾਂ ਆਖਿਰ ਮੁੱਕਣੇ ਹੀ ਨੇ
ਜਿਸਮ ਦੀ ਤਾਂਘ 'ਚੋਂ ਲੰਘਦੇ ਲੰਘਦੇ
ਰੂਹ ਦਾ ਬੂਹਾ ਜਾ ਖੜਕਾਈਏ
ਜਿਸਮੋਂ ਜਾਈਏ, ਰੂਹ ਹੋ ਜਾਈਏ!

ਰਾਹਾਂ ਦਾ ਫ਼ਰਕ ਨਹੀਂ,
ਪਰ ਨਜ਼ਰ ਦਾ ਫੇਰ ਹੀ ਪੈ ਜਾਂਦੇ ਏ।
ਜਿਸਮ ਦੀਆਂ ਖੇਡਾਂ
ਰਹਿ ਜਾਂਦੀਆਂ ਨੇ ਮਹਿਦੂਦ ਜਿਸਮਾਂ ਤੱਕ ਹੀ,
ਨਜ਼ਰ ਉਠਾਈਏ ਤਾਂ
ਅੰਬਰ ਵੀ ਫਿਰ ਹੱਦ ਨਹੀਂ ਹੁੰਦੀ।

♠♠

## ਅਮੁੱਕ ਵਾਟਾਂ

ਅੱਜ ਫੇਰ ਪੈਰਾਂ ਵਿਚ
ਕੋਈ ਵਾਟ ਉੱਗ ਆਈ ਹੈ!
ਜਦੋਂ ਜੀਅ ਕਰਦਾ ਹੈ,
ਉੱਠ ਖਲੋਂਦੀ ਹੈ
ਮੇਰੀਆਂ ਲੱਤਾਂ ਦੀ ਬੇਚੈਨੀ ਬਣ ਕੇ।
ਕਿਹੜੇ ਅਚੇਤ ਹਾਦਸੇ
ਇਨ੍ਹਾਂ 'ਚੋਂ ਗੁਜ਼ਰਨੇ ਨੇ,
ਕਿਹੜੇ ਔਖੇ ਪੈਂਡੇ
ਸਾਡੇ ਪੈਰਾਂ ਦਾ ਸੱਚ ਹੋ ਚੁੱਕੇ ਨੇ!
ਮੈਂ ਕੁਮਲਾਈ ਫਿਰਦੀ ਹਾਂ
ਘਬਰਾਈ ਫਿਰਦੀ ਹਾਂ
ਆਪਣੇ ਪੈਰ,
ਆਪਣੇ ਸਿਰ 'ਤੇ ਲਮਕਾਈ ਫਿਰਦੀ ਹਾਂ।
ਹੰਭ ਜਾਂਦੀ ਹਾਂ
ਇਕ ਕਮਰੇ ਤੋਂ ਦੂਜੇ ਕਮਰੇ 'ਚ
ਦੂਜੇ ਤੋਂ ਤੀਜੇ, ਰਸੋਈ, ਦਲਾਨ, ਪੌੜੀਆਂ 'ਚ,
ਕੁਝ ਲੱਭਦੀ,
ਜਾਂ ਸਿਰਫ਼ ਪੈਰਾਂ 'ਚੋਂ
ਸਫ਼ਰ ਦਾ ਪੈਂਡਾ ਮੁਕਾਉਂਦੀ।
ਜਿਵੇਂ ਚਿੜੀਆ ਘਰ ਦੇ ਜਾਨਵਰ
ਘੁੰਮਦੇ ਇਧਰ ਤੋਂ ਉਧਰ।
ਪਿੰਜਰਿਆਂ ਵਿਚ ਬੰਦ
ਉਨ੍ਹਾਂ ਦੇ ਕਦਮਾਂ ਵਿਚ
ਜਦ ਜੰਗਲ ਉੱਗ ਆਉਂਦੇ ਨੇ।
ਜੰਗਲ ਦੇ ਸੁਪਨੇ ਲੈ,
ਕਰਦੇ ਨੇ ਸਫ਼ਰ,
ਪਿੰਜਰਿਆਂ ਦੇ ਅੰਦਰ!
ਉੱਗ ਆਉਂਦੇ ਨੇ ਜੰਗਲ

ਉਨ੍ਹਾਂ ਦੇ ਪੈਰਾਂ ਵਿਚ—
ਪਰ ਮੇਰੇ ਪੈਰਾਂ 'ਚ ਯਾ ਖ਼ੁਦਾ!
ਕਿਹੜੀਆਂ ਵਾਟਾਂ ਉੱਗਦੀਆਂ ਨੇ?
ਕਿ ਜੀ ਕਰਦਾ ਹੈ ਭੱਜੀ ਜਾਵਾਂ, ਭੱਜੀ ਜਾਵਾਂ।
ਇਨ੍ਹਾਂ ਪੈਰਾਂ ਨਾਲ ਹੀ ਮੁਕਾ ਲਵਾਂ
ਪੂਰੀ ਧਰਤੀ ਦੀ ਵਾਟ।
ਫੇਰ ਵਧ ਲਵਾਂ ਚੰਨ ਤਾਰਿਆਂ ਵੱਲ ਨੂੰ
ਤੇ ਫੇਰ ਉਸ ਤੋਂ ਪਰ੍ਹੇ.....
ਲੱਖਾਂ ਜਹਾਨ ਗਾਹ ਲਵਾਂ
ਫੇਰ ਪੂਰੀ ਕਾਇਨਾਤ ਵਿਚ ਹੀ ਘੁਲ ਜਾਵਾਂ!
ਪੈਰਾਂ 'ਚੋਂ ਵਾਟਾਂ ਤਾਂ ਨਹੀਂ ਮੁੱਕਣੀਆਂ
ਲੋਚਦੀ ਹਾਂ ਹੁਣ,
ਮਿਟ ਜਾਣ ਵਾਟਾਂ
ਤੇ ਘੁਲ ਜਾਵਾਂ
ਇਸ ਕਾਇਨਾਤ ਵਿਚ।

♠♠

## ਸੂਰਜ ਤੇ ਕਿਰਨ

ਪੁੱਛ ਰਹੀ ਹੈ ਮੋਈ ਕਿਰਨ, ਸੂਰਜ ਨੂੰ,
'ਮੇਰੇ ਬਾਬਲ ਜੀ,
ਮੇਰਾ ਕੁਝ ਇਤਿਹਾਸ ਕਹੋ,
ਜੋ ਮੈਂ ਰਚ ਨਾ ਸਕੀ,
ਉਹ ਮਹਾਰਾਸ, ਕਹੋ!
ਕਿਹੜੀ ਜੂਨੇ ਹੁਣ ਮੈਂ ਆਵਾਂ,
ਲਾਉ ਕੁਝ ਕਿਆਸ, ਕਹੋ।
ਮੇਰੀ ਭਾਂਬੜਾਂ ਨੂੰ,
ਕਿਉਂ ਹੋਇਆ ਬਨਵਾਸ, ਕਹੋ।
ਏਨੀ ਦੂਰ ਹੋ ਕੇ ਮੰਜ਼ਿਲ ਤੋਂ,
ਕਿੰਝ ਹਾਂ ਏਨੀ ਪਾਸ, ਕਹੋ।'

ਲੋਥ ਵੀ ਨਹੀਂ ਚੁੱਕੀ ਸੂਰਜ ਨੇ
ਤੇ ਆਪਣੀ ਅਨੰਤ ਯਾਤਰਾ ਉਤੇ ਨਿਕਲ ਗਿਆ।
ਸੂਰਜ ਦੇ ਢਿੱਡ ਵਿਚ,
ਕੀ ਕੀ ਰਾਜ਼ ਛੁਪੇ ਨੇ
ਕਿਸੇ ਦੇ ਹੱਥ ਵਿਚ ਠੂਠਾ
ਕਿਸੇ ਦੇ ਸਿਰ 'ਤੇ ਤਾਜ ਛੁਪੇ ਨੇ।
ਕੁਝ ਗ਼ਰੀਬੜੇ ਹੰਝੂ ਛੁਪੇ ਨੇ।
ਕੁਝ ਸ਼ਹਾਨਾ ਅੰਦਾਜ਼ ਛੁਪੇ ਨੇ।
"ਮੋਈਆਂ ਕਿਰਨਾਂ ਦਾ ਹਿਸਾਬ,
ਮੈਂ ਨਹੀਂ ਰੱਖਦਾ,
ਰਾਖ਼ ਦੇ ਢੇਰਾਂ 'ਚੋਂ,
ਸੰਗੀਤ ਦੀ ਆਸ, ਮੈਂ ਨਹੀਂ ਰੱਖਦਾ।
ਇਤਿਹਾਸ ਹੈ ਇਤਿਹਾਸ,
ਯਾਨੀ ਕਿ ਐਸਾ ਹੈ ਹਾਸਾ
ਕੁਝ ਵੀ ਨਹੀਂ ਹੈ ਉਥੇ,
ਬੱਸ ਖ਼ਲਾਈ ਹਾਸ ਦਾ ਵਾਸਾ।

ਚਾਹੇ ਬਹੁਤ ਕੁਝ ਕਹੀਏ
ਤੇ ਚਾਹੇ ਚੁੱਪ ਹੋ ਬਹੀਏ
ਮਹਾਰਾਸ ਹੀ ਚੱਲ ਰਿਹਾ ਹੈ,
ਆਪਮ ਆਪ, ਫਿਰ ਆਪੇ-ਆਪ!
ਜਿਹੜੀ ਮੰਜ਼ਿਲ ਆਪਾਂ ਆਖੀਏ
ਉਹ ਤਾਂ ਬੱਸ ਸ਼ੁਰੂਆਤ ਹੈ ਅੜੀਏ!
ਆਪੇ ਹੀ ਵਿਉਂਤ ਬਣਾਈਏ
ਆਪ ਹੀ ਫਿਰ ਉਸ ਘਰ ਜੰਦਰਾ ਲਾਈਏ
ਆਪਣੀ ਖੇਡ 'ਚ ਆਪ ਹੀ ਰੁਲ ਜਾਈਏ।
ਕਿਥੋਂ ਖੇਡ ਕੀਤੀ ਸ਼ੁਰੂ,
ਆਪ ਹੀ ਭੁੱਲ ਜਾਈਏ।

"ਔਖੇ ਹੋਈਏ, ਸੌਖੇ ਹੋਈਏ
ਕਦੀ ਹੱਸੀਏ, ਕਦੇ ਰੋਈਏ
ਆਪ ਹੀ ਜੰਮੀਏ, ਆਪ ਹੀ ਮੋਈਏ।"
ਸੂਰਜ ਕਦੇ ਵੀ ਝੂਠ ਨਹੀਂ ਬੋਲਦਾ
ਤੇ ਕਿਰਨ ਹੱਸਕੇ ਦਮ ਤੋੜ ਗਈ ਹੈ।

♠♠

## ਸ਼ੀਸ਼ਾ ਤੇ ਪੱਥਰ

ਕੱਲ ਸ਼ੀਸ਼ੇ ਨੇ ਕਿਹਾ ਪੱਥਰ ਨੂੰ
"ਆ ਬਈ! ਤੈਨੂੰ ਤੇਰੀ ਸ਼ਕਲ ਵਿਖਾਈਏ।"
ਪੱਥਰ ਬੋਲਿਆ ਪਿੱਠ ਮਰੋੜ
"ਅਸੀਂ ਨਹੀਂ ਵੇਖਣੀ ਬਈ"
ਸ਼ੀਸ਼ੇ ਆਖਿਆ
"ਕਈ ਦਿਨਾਂ ਦਾ ਜਾਪ ਰਿਹਾ ਹੈਂ, ਔਖਾ ਜਿਹਾ
ਕੋਈ ਪਰੇਸ਼ਾਨੀ ਹੈ ਤਾਂ, ਆ ਵੰਡਾ ਲੈ!
ਦੁੱਖ ਘਟ ਜਾਵੇਗਾ।"
"ਕੀ ਕਰਨਾ? ਨਹੀਂ ਪ੍ਰੇਸ਼ਾਨੀ ਕੋਈ ਵੀ।"
"ਮੱਥੇ ਤਿਉੜੀਆਂ, ਅੱਖੀਂ ਉਲਝਣ
ਜਿੰਦ ਬੇਚੈਨ, ਮੇਰੇ ਤੋਂ ਨਹੀਂ ਛੁਪਾ ਸਕਦਾ,
ਵੇਖ ਮੇਰੇ ਵੱਲ, ਖ਼ੁਦ ਤੋਂ ਵੀ ਨਹੀਂ ਲੁਕਾ ਸਕਦਾ।"
ਸ਼ੀਸ਼ੇ ਨੇ ਸਮਝਾਇਆ।
"ਜਾ ਉਏ! ਬਹੁਤਾ ਨਾ ਬਣ ਖ਼ੈਰ ਖ਼ੁਆਹ!
ਆਪਣੇ ਕੰਮ ਨਾਲ ਕੰਮ ਰੱਖ।"
ਸ਼ੀਸ਼ਾ ਮੁਸਕਰਾਇਆ
"ਆਪਣਾ ਕੰਮ ਹੀ ਤਾਂ ਹਾਂ ਕਰ ਰਿਹਾ।
ਕੰਮ ਏ ਮੇਰਾ ਵਿਖਾਉਣਾ ਸੱਚ ਨੂੰ
ਪਿੱਠ ਮੋੜਦੇ ਜੋ ਸੱਚ ਵੱਲੋਂ
ਪਰਤਾਉਣਾ ਮੂੰਹ ਉਨ੍ਹਾਂ ਦਾ, ਸੋ ਕਰ ਰਿਹਾਂ।"
ਪੱਥਰ, ਪੱਥਰ ਸੀ ਹੋ ਗਿਆ
ਤੇ ਵਾਰ ਕੀਤਾ ਸ਼ੀਸ਼ੇ 'ਤੇ ਉਸ।
ਪਰ ਸ਼ੀਸ਼ਿਆਂ ਨੇ ਕਦ ਵਾਰ ਆਪਣੇ ਸੀਨੇ ਤੇ ਜਰੇ ਨੇ,
ਇਹ ਤਾਂ ਹੋ ਸਕਦੇ ਨੇ ਬੱਸ ਚੂਰ ਚੂਰ।
ਪੱਥਰ ਮੁਸਕਰਾਇਆ
"ਵੇਖਿਆ! ਬਹੁਤਾ ਬਣ ਰਿਹਾ ਸੀ
ਮੇਰਾ ਰਾਹਨੁਮਾ!"
ਕਈ ਆਵਾਜ਼ਾਂ ਆਈਆਂ ਇਕੱਠੀਆਂ

"ਨਹੀਂ ਇਨਕਾਰੀ ਆਪਣੇ ਕੰਮ ਤੋਂ
ਅਸੀਂ ਹਾਲੇ ਵੀ।
ਭੰਨ ਦਿੱਤਾ ਹੈ ਤੂੰ,
ਬਿਖਰ ਗਏ ਹਾਂ ਤਾਂ ਕੀ ਹੋਇਆ ?
ਪਰ ਵੇਖ! ਤੂੰ ਵੀ ਤਾਂ ਵਿਛਿਆ ਪਿਆ ਹੈਂ
ਭੋਇੰ 'ਤੇ ਸਾਡੇ ਨਾਲ ਹੀ—
ਇਕ ਸੱਚ ਹੀ ਜ਼ਰਬ ਹੋ ਕੇ
ਕਈ ਗੁਣਾ ਹੋ ਕੇ ਪਿਆ ਹੈ ਸਾਹਮਣੇ।
ਇਕ ਪੱਥਰ ਤੋਂ ਉਤਨੇ ਹੀ ਹੋ ਗਏ ਨੇ ਪੱਥਰ,
ਜਿੰਨੇ ਤੂੰ ਕੀਤੇ ਟੁਕੜੇ ਮੇਰੇ ਨੇ।"
ਸ਼ੀਸ਼ੇ ਆਪਣਾ ਧਰਮ ਨਿਭਾਉਂਦੇ ਨੇ
ਪੱਥਰ ਆਪਣਾ ਕਰਮ ਨਿਭਾਉਂਦੇ ਨੇ!
ਸ਼ੀਸ਼ਿਆਂ ਦੇ ਮਸਤਕ
ਪੱਥਰ ਵੱਜਣੇ ਲਿਖੇ ਨੇ
ਤੇ ਪੱਥਰਾਂ ਦੇ ਮਸਤਕ
ਸ਼ੀਸ਼ੇ ਢੁੱਟਣੇ ਲਿਖੇ ਨੇ!

♠♠

## ਹਸਤੀ

ਕੁਝ ਸੱਚ ਸਨ
ਜੋ ਸਾਨੂੰ ਜੀਣ ਨਹੀਂ ਦੇਂਦੇ।
ਤੇ ਕੁਝ ਝੂਠ ਹਨ
ਜੋ ਸਾਨੂੰ ਮਰਨ ਨਹੀਂ ਦੇਂਦੇ।

ਜੀਣ ਦਾ ਸਵਾਲ ਨਹੀਂ ਹੁਣ
ਤੇ ਨਾ ਹੀ ਮਰਨ ਦਾ।
ਪ੍ਰਸ਼ਨ-ਚਿੰਨ੍ਹਾਂ ਦਾ,
ਜੇ ਕੋਈ ਇਲਾਜ ਹੁੰਦਾ!
ਪ੍ਰਸ਼ਨਾਂ ਦਾ ਮੌਸਮ ਹੈ ਕੁਝ
ਤੇ ਕੁਝ ਉੱਤਰ-ਰੁੱਤ ਹਾਲੇ ਆਈ ਨਹੀਂ।
ਜੀਂਦੇ ਹਾਂ ਜਦ ਆਪਾਂ
ਤੇ ਮਰੀ ਵੀ ਜਾਂਦੇ ਹਾਂ।
ਮਰਨਾ ਕੋਈ ਇਕ ਪਲ ਦੀ ਹੀ ਘਟਨਾ ਨਹੀਂ—
ਜਿਵੇਂ ਜੰਮ ਕੇ ਜੀਣ ਲੱਗ ਪੈਣਾ
ਨਹੀਂ ਹੋ ਸਕਦੀ ਘਟਨਾ, ਇਕ ਪਲ ਦੀ ਹੀ।
ਜੰਮਣ-ਪੀੜਾਂ ਲੈਂਦੀ ਹੈ,
ਸ੍ਰਿਸ਼ਟੀ ਅਨੰਤ ਕਾਲ ਤੋਂ
ਅੱਜ ਨੂੰ ਜਨਮ ਦੇਣ ਲਈ।

ਆਪਣੇ ਸੱਚ, ਆਪਣਾ ਝੂਠ
ਆਪਣਾ ਜੀਣ, ਆਪਣਾ ਮਰਨ
ਜੇ ਕਿਤੇ, ਸਿਰਫ਼ ਆਪਣੇ 'ਤੇ ਹੀ ਮੁਨੱਸਰ ਹੁੰਦਾ
ਤਾਂ ਆਪਾਂ ਪ੍ਰਸ਼ਨ-ਚਿੰਨ੍ਹਾਂ ਦੀ
ਪੀਂਘ ਪਾ ਕੇ ਝੂਟ ਵੀ ਲੈਂਦੇ।
ਅਨੰਤ ਕਾਲ ਦੇ ਮੱਥੇ 'ਤੇ
ਜੇ ਸਾਡੀ ਹਸਤੀ ਕਿਤੇ
ਇਕ ਬਿੰਦੀ ਦੀ ਵੀ ਹੁੰਦੀ।

♠♠

## ਸਫ਼ਰ

ਚੱਕਰ ਇਕ ਪੈਰ ਦਾ
ਬੱਸ ਪੈਂਡਾ ਮੁਕਾਉਂਦਾ ਰਿਹਾ,
ਜੀਵਨ ਮੁਕਾਉਂਦਾ ਰਿਹਾ।
ਮੈਂ ਕਿਹਾ ਮੈਂ ਟੋਲ੍ਹਾਂਗੀ
ਅਰਥ ਜਿਊਂਦੇ ਹੋਣ ਦੇ।
ਕੋਈ ਵੀ, ਕੁਝ ਵੀ
ਇਸ ਸ੍ਰਿਸ਼ਟੀ ਵਿਚ
ਬੇਅਰਥਾ ਨਹੀਂ ਹੋ ਸਕਦਾ।

ਚੱਕਰ ਇਕ ਪੈਰ ਦਾ
ਬੱਸ ਚੱਕਰ ਹੀ ਮੁਕਾ ਰਿਹਾ।
ਅਰਥ ਕੋਈ ਜਾਂ ਰਾਹ ਕੋਈ
ਇਸ ਵਿਚ ਲੱਭ ਜਾਵੇ ਤਾਂ
ਬੱਲੇ ਬੱਲੇ।

ਪਰ ਜੇ ਲੱਗੇ ਗੱਲ ਸਾਰੀ
ਬੇਅਰਥੀ-ਬੇਮਾਅਨੀ
ਤਾਂ ਵੀ ਕੋਈ ਹਰਜ਼ ਨਹੀਂ,
ਪੈਂਡਾ ਹੀ ਮੁਕਾਉਣਾ ਹੈ
ਇਉਂ ਨਹੀਂ ਤਾਂ ਤਿਉਂ ਸਹੀ।

ਅਸਲ ਵਿਚ ਤਾਂ ਆਪਾਂ
ਇਨ੍ਹਾਂ ਹੀ ਦੋ ਸਫ਼ਰਾਂ ਵਿਚਲਾ
ਵਕਤ ਗੁਜ਼ਾਰਨ ਹੀ
ਆਏ ਹਾਂ ਇਸ ਧਰਤੀ ’ਤੇ!

♠♠

## ਮੀਲ-ਪੱਥਰ

ਰੁਕ ਗਈ ਹਾਂ, ਖਲੋ ਗਈ ਹਾਂ
ਇਕ ਮੀਲ-ਪੱਥਰ 'ਤੇ ਆ ਕੇ !
ਜਾ ਰਹੀ ਸਾਂ ਮੰਜ਼ਿਲ ਵੱਲੇ....
ਰਾਹ 'ਚ ਦਿਸ ਪਿਆ, ਇਕ ਮੀਲ ਪੱਥਰ—
ਲਿਖਿਆ ਸੀ, 'ਮੰਜ਼ਿਲ–ਐਨੇ ਮੀਲ ਦੂਰ'
ਪਤਾ ਨਹੀਂ ਕਿਵੇਂ ਪੜ੍ਹ ਬੈਠੀ
'ਮੰਜ਼ਿਲ'
ਮੀਲ ਮੈਨੂੰ ਦਿੱਸੇ ਨਹੀਂ !
ਖੌਰੇ ਥੱਕ ਗਈ ਸਾਂ—
ਪਰ ਰੁਕ ਗਈ ਹਾਂ
ਖਲੋ ਗਈ ਹਾਂ
ਇਸ ਮੀਲ-ਪੱਥਰ 'ਤੇ ਆ ਕੇ !

♠♠

## ਕਮਲੀ

ਹਵਾਈ ਜਹਾਜ਼ ਦੀ ਤਾਲ ’ਤੇ,
ਝੀਂਗਰ ਦੇ ਸਾਜ਼ ’ਤੇ,
ਪੱਤਿਆਂ ਦੀ ਖੜਖੜ ਲੈ
ਚਾਨਣ ਦੀ ਕਿਨਾਰੀ ਵਾਲੀ,
ਛੁਕ-ਛੁਕ ਦੀ ਤਾਨ ’ਤੇ
ਫਿਜ਼ਾ ਵਿਚ ਹਵਾ ਵਾਂਗ ਨੱਚ ਉੱਠੀ
ਕਮਲੀ ਕੋਈ—
ਥਿਰਕ ਪਏ ਪੈਰ ਮੇਰੇ
ਥਿਰਕ ਪਏ ਪੈਰ ਮੇਰੇ !

♠♠

## ਪਰਵਾਜ਼

ਮੈਂ ਗੁਆਚ ਗਈ ਹਾਂ
ਪਰ ਕਿਸਮਤ ਵਾਲੀ ਹਾਂ
ਪਾ ਗਈ ਹਾਂ, ਖ਼ੁਦ ਨੂੰ।
ਜੇ ਨਾ ਲਭਦੀ ਤਾਂ ਨਾ ਲਭਦੀ
ਜਨਮਾਂ-ਜਨਮਾਂ ਤੱਕ,
ਪਰ ਪੈਂਡਾ ਇਹ,
ਪਲ 'ਚ ਮੁਕਾ ਗਈ ਹਾਂ।
ਮੈਂ ਤੋਂ ਮੈਂ ਛੁਡਾਉਣ ਵੇਲੇ,
ਝਗੜੇ-ਕਲੇਸ਼ ਤਾਂ ਹੋਏ ਬੜੇ,
ਪਰ ਗਿਰ ਗਈਆਂ ਕੰਧਾਂ ਕਈ ਨਾਲ ਹੀ।
ਆਪਣੇ ਅਤੀਤ ਤੋਂ ਅਗਾਂਹ ਵਧ ਕੇ
ਤੇ ਆਪਣੇ ਭਵਿੱਖ ਤੋਂ ਪਿਛਾਂਹ ਹਟ ਕੇ,
ਅੱਜ ਨੂੰ ਗਲਵਕੜੀ ਪਾ ਗਈ ਸਾਂ।
ਰੋਕਦੇ ਰਹੇ ਸਨ ਕਈ ਉਦਾਸ ਪਲ
ਕਈ ਵੀਰਾਨ ਪਲ
ਕਈ ਬਦਨਾਮ ਅੱਜ, ਕਈ ਬਦਮਾਸ਼ ਕੱਲ,
ਪਰ ਪਰਵਾਜ਼, ਅਹਿਸਾਸ ਦੇ ਉਪਰੋਂ
ਉਪਰਲੀਆਂ ਹਵਾਵਾਂ 'ਚ ਲਗਾ ਹੀ ਗਈ ਸਾਂ।
ਗੁਆਚ ਗਿਆ ਸੀ ਜੋ,
ਉਹ ਪਾ ਗਈ ਸਾਂ।
ਜਾਂ ਪਾ ਲਿਆ ਸੀ ਜੋ,
ਉਹ ਗੁਆ ਗਈ ਹਾਂ!
ਪਰ ਗੁਆਇਆ ਤੇ ਪਾਇਆ
ਪਾਇਆ ਤੇ ਗੁਆਇਆ
ਹੈ ਇਕੋ ਹੀ ਮਾਇਆ!

♠♠

## ਇਕ ਸੁੱਕਾ ਪੱਤਾ

ਬਾਹਰ ਬੈਠੇ ਟੈਰੇਸ ਉਤੇ
ਫ਼ੈਜ਼ ਨੂੰ ਪੜ੍ਹਦਿਆਂ
ਇਸ ਹੁਸੀਨ ਵਾਦੀ ਵਿਚ—
ਸਫ਼ੈਦੇ ਦੀ ਸ਼ਾਖ ਤੋਂ ਟੁੱਟ ਕੇ
ਆ ਵੱਜਿਆ ਹੈ ਬੁੱਲ੍ਹਾਂ ਉਤੇ
ਪੱਤਾ ਇਕ ਸੁੱਕਾ ਜਿਹਾ।
ਕੁਝ ਲਾਲ ਜਿਹਾ,
ਸੁੱਕਦਾ ਸੁੱਕਦਾ ਬੱਸ ਸੁੱਕਿਆ ਜਿਹਾ
ਤੇ ਉੱਡਦਾ-ਉੱਡਦਾ, ਉੱਡਿਆ ਜਿਹਾ।

ਕੁਝ ਨਿਸ਼ਾਨ ਨੇ ਭੂਰੇ-ਭੂਰੇ, ਗੋਲ-ਗੋਲ
ਹੋਣ ਜਿਵੇਂ ਮੈਡਲ, ਗਲ ਵਿਚ ਪਏ
ਮੌਸਮ ਮਾਰਾਂ ਦੇ....
ਸਭ ਕੁਝ ਦਰਜ ਹੈ ਤਨ ਇਹਦੇ 'ਤੇ।
ਪੁੱਛ ਲਿਆ ਮੈਂ
"ਹਾਂ ਜੀ! ਕਿਵੇਂ ਰਹੀ ਜੀਵਨ-ਯਾਤਰਾ?"
"ਉਂਜ ਤਾਂ ਠੀਕ ਹੀ ਰਹੀ
ਪਰ ਲੱਗਦਾ ਹੈ ਹੁਣ
ਕੁਝ ਚਿਰ ਐਵੇਂ
ਵਾਧੂ ਹੀ ਲਮਕਦਾ ਰਿਹਾ।"

♠♠

## ਇਕ ਤਲਬ

ਜਿਉਂਦੇ ਰਹਿਣ ਦੀ ਇਕ ਤਲਬ
ਅੱਜ ਫੇਰ ਮਨ ਵਿਚ ਜਾਗ ਉੱਠੀ ਹੈ!
ਸੰਪੂਰਨ ਹੋਂਦ ਨੂੰ ਇਕੱਠਿਆਂ ਕਰਕੇ
ਮਨ ਦੇ ਭੋਰੇ 'ਚ ਉਤਰ ਜਾਂਦੇ
ਇੰਗਲਾ-ਪਿੰਗਲਾ ਬਣ ਕੇ
ਸੁਸ਼ਮਨਾ ਦੀ ਰੇਲ ਬਣਾਉਂਦੇ।
ਚੱਕਰ ਚੱਕਰ ਘੁੰਮਦਿਆਂ, ਘੁੰਮਣਘੇਰੀ ਖਾਂਦੇ
ਚੱਕਰ ਚੱਕਰ ਵਧਦਿਆਂ, ਫੇਰ ਪਿਛਾਂਹ ਨੂੰ ਆਉਂਦੇ।
ਚੱਕਰ ਚੱਕਰ ਲੰਘਦਿਆਂ, ਪੁਲ ਸੁਰੰਗਾਂ ਬਣਾਉਂਦੇ।
ਚੱਕਰ ਚੱਕਰ ਕਟਦਿਆਂ, ਮੋਹਾਂ ਲੋਭਾਂ ਦੇ ਵਿਉਂਤ ਸਤਾਉਂਦੇ।
ਚੱਕਰ-ਚੱਕਰ ਜਾ ਕੇ,
ਚੱਕਰ-ਚੱਕਰ ਲਾ ਕੇ,
ਚੱਕਰ ਪੂਰਾ ਕੀਤਾ।
ਚੱਕਰ ਵੇਖ ਕੇ ਚੱਕਰ ਆਉਂਦਾ।
ਚੱਕਰ ਛੱਡੀਏ, ਚੱਕਰ ਭਾਉਂਦਾ।
ਚੱਕਰਾਂ ਨੇ ਹੀ ਚੱਕਰਾਂ 'ਚ ਪਾਇਆ
ਬੱਸ ਏਨੀ ਹੀ ਸੀ ਜਗਤ ਕੀ ਮਾਇਆ!
ਜਿਊਂਦੇ ਰਹਿ ਕੇ,
ਜਿਊਂਦੇ ਹੋਣ ਦੀ ਇਕ ਤਲਬ
ਆਖਰੀ ਚੱਕਰ ਇਹ ਪੂਰਾ ਹੋਣ ਤੱਕ,
ਫਿਰ ਜਾਗ ਉੱਠੀ ਹੈ!
ਮੁਬਾਰਕਾਂ! ਮੁਬਾਰਕਾਂ!
ਤਸਲੀਮ! ਤਸਲੀਮ!

♠♠